


**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV




**ਅੰਦਰਲੀ ਖ਼ਬਰ**
ਕੈਨੇਡਾ 'ਚ ਪੰਜਾਬੀ ਕਾਰੋਬਾਰੀਆਂ 'ਤੇ ਮੁੜ ਹਮਲਾ 02

**ਅੰਦਰਲੀ ਖ਼ਬਰ**
ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦਾ ED ਨੂੰ ਮਿਲਿਆ 5 ਦਿਨਾਂ ਦਾ ਰਿਮਾਂਡ 05



**ਲੇਖ**
ਮੇਲਾ ਤੀਆਂ ਦਾ, ਧੀਆਂ ਤੁਰ ਗਈਆਂ ਪ੍ਰਦੇਸ਼ !



PUNJABSTAR.COM

# ਪੰਜਾਬ ਸਟਾਰ





Phone: 905-673-7666 , Fax: 1-289-206-8611 | 08 ਅਗਸਤ ਤੋਂ 14 ਅਗਸਤ, 2024 | Email :- editor@punjabstar.com, Vo. 20. Issue:1145


# ਹਿਮਾਚਲ 'ਚ ਮੀਂਹ ਕਾਰਨ ਤਬਾਹੀ !

## ਸਮੇਜ ਪੁਲ ਨੇੜੇ ਬੱਦਲ ਫਟਣ ਕਾਰਨ 13 ਲੋਕਾਂ ਦੀ ਮੌਤ, ਬਚਾਅ ਕਾਰਜ ਜਾਰੀ



(ਪੰਜਾਬ ਸਟਾਰ ਬਿਊਰੋ):
ਹਿਮਾਚਲ ਪ੍ਰਦੇਸ਼ ਦੇ ਸ਼੍ਰੀਖੰਡ ਨੇੜੇ ਸਮੇਜ ਅਤੇ ਬਾਗੀ ਪੁਲ ਦੇ ਕੋਲ ਬੁੱਧਵਾਰ ਰਾਤ ਨੂੰ ਭਿਆਨਕ ਬੱਦਲ ਫਟ ਗਿਆ, ਜਿਸ ਨੇ 45 ਲੋਕਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਆਫਤ ਪ੍ਰਭਾਵਿਤ ਇਲਾਕੇ 'ਚ ਬਚਾਅ ਕਾਰਜ ਜਾਰੀ ਹਨ। ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (NDRF) ਦੀ 14ਵੀਂ ਬਟਾਲੀਅਨ ਦੇ ਕਮਾਂਡੈਂਟ ਬਲਜਿੰਦਰ ਸਿੰਘ ਨੇ ਦੱਸਿਆ ਕਿ ਇਸ ਸਾਲ ਹਿਮਾਚਲ ਪ੍ਰਦੇਸ਼ ਵਿੱਚ NDRF ਦੀਆਂ ਟੀਮਾਂ ਪੂਰੀ ਤਰ੍ਹਾਂ ਤਿਆਰ ਹੋ ਕੇ ਭੇਜੀਆਂ ਗਈਆਂ ਸਨ ਤਾਂ ਜੋ ਬਚਾਅ ਕਾਰਜਾਂ ਵਿੱਚ ਕੋਈ ਦੇਰੀ ਨਾ ਹੋਵੇ।

ਸਿੰਘ ਨੇ ਕਿਹਾ, "ਇਸ ਸਾਲ NDRF ਦੀਆਂ ਟੀਮਾਂ ਨੂੰ ਹਿਮਾਚਲ ਪ੍ਰਦੇਸ਼ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਭੇਜਿਆ ਗਿਆ ਸੀ ਤਾਂ ਜੋ ਇਹ ਯਕੀਨੀ ਬਾਕੀ ਸਫਾ 2 'ਤੇ

## ਕੈਨੇਡਾ: ਆਰਜ਼ੀ ਵਿਦੇਸ਼ੀ ਕਾਮਿਆਂ 'ਤੇ ਨੱਥ ਪਾਉਣ ਦੀ ਤਿਆਰੀ




ਵੈਨਕੂਵਰ (ਪੰਜਾਬ ਸਟਾਰ ਬਿਊਰੋ): ਕੈਨੇਡਾ ਸਰਕਾਰ ਨੇ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਲੋੜ ਦੇ ਬਹਾਨੇ ਟਰਾਂਸਪੋਰਟਰਾਂ, ਖਾਣ-ਪੀਣ ਚੇਨਾਂ, ਸਿਹਤ ਸੇਵਾਵਾਂ ਸੰਗਠਨ (ਨੈਨੀ) ਅਤੇ ਹੋਰ ਖੇਤਰਾਂ 'ਚ ਬਣੇ ਹੋਏ ਲੁੱਟ ਦੇ ਰਾਹ ਪੱਕੇ ਤੌਰ 'ਤੇ ਬੰਦ ਕਰਨ ਦਾ ਫ਼ੈਸਲਾ ਲਿਆ ਹੈ। ਕੈਨੇਡਾ ਦੇ ਰੁਜ਼ਗਾਰ ਮੰਤਰੀ ਰੈਂਡੀ ਬੋਇਸਨੌਇਲ ਨੇ ਹੁਨਰਮੰਦ ਕਾਮਿਆਂ ਦੀ ਆੜ ਹੇਠ ਵਿਦੇਸ਼ੀ ਲੋਕਾਂ ਨੂੰ ਸੱਦਣ ਅਤੇ ਕੁਝ ਕਾਰੋਬਾਰੀਆਂ ਲਈ ਗੈਰਕਾਨੂੰਨੀ ਕਮਾਈ ਦਾ ਸਾਧਨ ਬਣੇ ਹੋਏ ਐੱਲ ਐੱਮ ਆਈ ਏ (ਲੇਬਰ ਮਾਰਕੀਟ ਇਮਪੈਕਟ ਅਸੈਸਮੈਂਟ) ਪ੍ਰੋਗਰਾਮ ਨੂੰ ਸੀਮਤ ਕਰਨ ਦੀ ਜਾਣਕਾਰੀ ਦਿੱਤੀ ਹੈ। ਕੈਨੇਡੀਅਨ ਲੋਕਾਂ ਨੇ ਇਸ ਨੂੰ ਦੇਰ ਨਾਲ ਲਿਆ ਗਿਆ ਸਹੀ ਫ਼ੈਸਲਾ ਦੱਸਿਆ ਹੈ। ਬਾਕੀ ਸਫਾ 2 'ਤੇ

# ਨੇਪਾਲ 'ਚ ਹੈਲੀਕਾਪਟਰ ਕਰੈਸ਼, 5 ਲੋਕਾਂ ਦੀ ਮੌਕੇ 'ਤੇ ਹੀ ਹੋਈ ਮੌਤ



(ਪੰਜਾਬ ਸਟਾਰ ਬਿਊਰੋ):
ਨੇਪਾਲ ਦੇ ਨੁਵਾਕੋਟ ਦੇ ਸ਼ਿਵਪੁਰੀ ਇਲਾਕੇ 'ਚ ਏਅਰ ਡਾਇਨੇਸਟੀ ਦਾ ਹੈਲੀਕਾਪਟਰ ਕਰੈਸ਼ ਹੋ ਗਿਆ ਹੈ। ਇਸ ਹਾਦਸੇ 'ਚ 5 ਲੋਕਾਂ ਦੀ ਮੌਤ ਹੋ ਗਈ ਹੈ। ਨੇਪਾਲ ਪੁਲਿਸ ਨੇ ਦੱਸਿਆ ਕਿ ਹੈਲੀਕਾਪਟਰ ਵਿੱਚ ਚਾਰ ਚੀਨੀ ਨਾਗਰਿਕਾਂ ਸਮੇਤ ਕੁੱਲ ਪੰਜ ਲੋਕ ਸਵਾਰ ਸਨ।

ਸਥਾਨਕ ਮੀਡੀਆ ਮੁਤਾਬਕ ਹੈਲੀਕਾਪਟਰ ਕਾਠਮੰਡੂ ਤੋਂ ਰਸੂਵਾ ਜਾ ਰਿਹਾ ਸੀ। ਇਹ ਹਾਦਸਾ ਨੇਪਾਲ ਦੇ ਨੁਵਾਕੋਟ 'ਚ ਵਾਪਰਿਆ ਹੈ। ਏਅਰ ਡਾਇਨੇਸਟੀ ਦਾ ਹੈਲੀਕਾਪਟਰ ਅਚਾਨਕ ਕਰੈਸ਼ ਹੋ ਗਿਆ। ਹੈਲੀਕਾਪਟਰ ਨੂੰ ਅੱਗ ਲੱਗ ਗਈ ਅਤੇ ਅੰਦਰ ਸਵਾਰ 5 ਲੋਕਾਂ ਦੀ ਮੌਤ ਹੋ ਗਈ। ਹਾਦਸੇ ਦੀ ਸੂਚਨਾ ਮਿਲਣ ਤੋਂ ਬਾਅਦ ਅਧਿਕਾਰੀਆਂ ਨੇ ਤੁਰੰਤ ਬਚਾਅ ਟੀਮ ਨੂੰ ਮੌਕੇ 'ਤੇ ਭੇਜਿਆ।

**ਉਡਾਣ ਭਰਨ ਤੋਂ 3 ਮਿੰਟ ਬਾਅਦ ਟੁੱਟਿਆ ਸੰਪਰਕ**

ਮੀਡੀਆ ਰਿਪੋਰਟਾਂ ਮੁਤਾਬਕ ਇਹ ਭਿਆਨਕ ਹੈਲੀਕਾਪਟਰ ਹਾਦਸਾ ਨੇਪਾਲ ਦੇ ਨੁਵਾਕੋਟ ਦੇ ਸ਼ਿਵਪੁਰੀ 'ਚ ਵਾਪਰਿਆ। ਇਸ ਹੈਲੀਕਾਪਟਰ ਵਿੱਚ 4 ਚੀਨੀ ਨਾਗਰਿਕਾਂ ਸਮੇਤ ਪੰਜ ਲੋਕ ਸਵਾਰ ਸਨ। ਕੈਪਟਨ ਅਰੁਣ ਮੱਲਾ ਹੈਲੀਕਾਪਟਰ ਵਿੱਚ ਬਤੌਰ ਪਾਇਲਟ ਮੌਜੂਦ ਸਨ। ਟੀਆਈਏ ਤੋਂ ਉਡਾਣ ਭਰਨ ਤੋਂ ਸਿਰਫ਼ 3 ਮਿੰਟ ਬਾਅਦ ਹੀ ਹੈਲੀਕਾਪਟਰ ਦਾ ਅਚਾਨਕ ਸੰਪਰਕ ਟੁੱਟ ਗਿਆ। ਕੁਝ ਸਮੇਂ ਬਾਅਦ ਹੈਲੀਕਾਪਟਰ ਦੇ ਕਰੈਸ਼ ਬਾਕੀ ਸਫਾ 2 'ਤੇ

# ਟੋਰਾਂਟੋ, ਪੀਟਰਬ੍ਰੋਅ ਅਤੇ ਸਡਬਰੀ ਵਿਖੇ ਕੈਨੇਡਾ ਵਿੱਚ ਸਿੱਖਾਂ 'ਤੇ ਨਫ਼ਰਤੀ ਹਮਲੇ




(ਪੰਜਾਬ ਸਟਾਰ ਬਿਊਰੋ):
ਕੈਨੇਡਾ ਵਿੱਚ ਤਿੰਨ ਸਿੱਖਾਂ 'ਤੇ ਨਫ਼ਰਤੀ ਹਮਲੇ ਹੋਣ ਦੀ ਖ਼ਬਰ ਹੈ, ਜਿੱਥੇ ਹਮਲਾਵਰਾਂ ਨੇ ਉਨ੍ਹਾਂ ਦੀਆਂ ਦਸਤਾਰਾਂ ਲਾਹ ਕੇ ਕੁਟਮਾਰ ਕੀਤੀ ਅਤੇ ਇੱਕ ਮਾਮਲੇ ਵਿੱਚ ਗੱਡੀ ਹੇਠ ਲਿਆਉਣ ਦੀ ਕੋਸ਼ਿਸ਼ ਵੀ ਕੀਤੀ। ਪਹਿਲੀ ਘਟਨਾ ਟੋਰਾਂਟੋ ਦੇ ਸਕਾਰਬ੍ਰੋ ਇਲਾਕੇ ਵਿੱਚ ਵਾਪਰੀ, ਜਿੱਥੇ ਰੁਪਿੰਦਰ ਸਿੰਘ ਗੁਰਦੁਆਰੇ ਤੋਂ ਘਰ ਵਾਪਸ ਆਉਂਦਾ ਸੀ। ਉਸਦੀ ਦਸਤਾਰ ਨੂੰ ਹਮਲਾਵਰਾਂ ਨੇ ਲਾਹ ਕੇ, ਗੱਡੀ ਵਿੱਚ ਬੈਠ ਕੇ ਦੌੜ ਗਏ । ਦੂਜਾ ਮਾਮਲਾ ਪੀਟਰਬ੍ਰੋਅ ਵਿੱਚ ਵਾਪਰਿਆ, ਜਿੱਥੇ ਇੱਕ ਸਿੱਖ ਨੌਜਵਾਨ ਦੀ ਪੱਗ ਢਾਹੁਣ ਮਗਰੋਂ, ਉਸ ਦੇ ਸਿਰ ਤੇ ਸੋਡਾ ਕੈਨ ਨਾਲ ਵਾਰ ਕੀਤਾ ਗਿਆ। ਤੀਜਾ ਮਾਮਲਾ ਸਡਬਰੀ ਵਿੱਚ ਵਾਪਰਿਆ, ਜਿੱਥੇ ਇੱਕ ਸਿੱਖ ਵਿਅਕਤੀ ਨੂੰ ਪਿਕਅੱਪ ਟਰੱਕ ਹੇਠ ਕੁਚਲਣ ਦੀ ਕੋਸ਼ਿਸ਼ ਕੀਤੀ ਗਈ। ਰੁਪਿੰਦਰ ਸਿੰਘ ਨੇ ਦੱਸਿਆ ਕਿ ਹਮਲਾਵਰਾਂ ਨੇ ਪੂਰੀ ਘਟਨਾ ਦੀ ਵੀਡੀਓ ਵੀ ਬਣਾਈ। ਬਾਕੀ ਸਫਾ 2 'ਤੇ

# ਮੈਕਸੀਕੋ 'ਚ ਸੜਕ ਹਾਦਸੇ ਦੌਰਾਨ 9 ਲੋਕਾਂ ਦੀ ਮੌਤ, 12 ਜ਼ਖਮੀ




ਮੈਕਸੀਕੋ : ਮੱਧ ਮੈਕਸੀਕਨ ਰਾਜ ਪੁਏਬਲਾ ਵਿੱਚ ਗੁਆਡਾਲੁਪੇ ਵਿਕਟੋਰੀਆ ਦੀ ਨਗਰਪਾਲਿਕਾ ਦੇ ਕੋਲ ਇੱਕ ਸੜਕ ਹਾਦਸੇ ਵਿੱਚ ਘੱਟੋ-ਘੱਟ 9 ਲੋਕਾਂ ਦੀ ਮੌਤ ਹੋ ਗਈ ਅਤੇ 12 ਹੋਰ ਜ਼ਖਮੀ ਹੋ ਗਏ। ਇਸ ਬਾਰੇ ਸਥਾਨਕ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਹੈ। ਸਿਨਹੂਆ ਨਿਊਜ਼ ਏਜੰਸੀ ਦੀ ਰਿਪੋਰਟ ਦੇ ਅਨੁਸਾਰ ਪੁਏਬਲਾ ਦੇ ਸਿਵਲ ਪ੍ਰੋਟੈਕਸ਼ਨ ਦੇ ਜਨਰਲ ਕੋਆਰਡੀਨੇਸ਼ਨ ਦੀ ਇੱਕ ਰਿਪੋਰਟ ਦੇ ਅਨੁਸਾਰ, ਇਹ ਹਾਦਸਾ ਮੰਗਲਵਾਰ ਨੂੰ ਵਾਪਰਿਆ ਬਾਕੀ ਸਫਾ 2 'ਤੇ

## ਇਕੋ ਝਟਕੇ 'ਚ ਖ਼ਤਮ ਹੋਇਆ ਪੂਰਾ ਪਰਿਵਾਰ

# ਨਾਬਾਲਿਗ ਧੀ ਸਮੇਤ ਪੰਜ ਲੋਕਾਂ ਦੀ ਦਰਦਨਾਕ ਮੌਤ




(ਪੰਜਾਬ ਸਟਾਰ ਬਿਊਰੋ):
ਰਾਜਸਥਾਨ ਦੇ ਚਿਤੌੜਗੜ੍ਹ ਜ਼ਿਲ੍ਹੇ 'ਚ ਮੰਗਲਵਾਰ ਦੇਰ ਰਾਤ ਇਕ ਸੜਕ ਹਾਦਸੇ 'ਚ ਪਤੀ-ਪਤਨੀ ਅਤੇ ਉਨ੍ਹਾਂ ਦੀ ਨਾਬਾਲਗ ਬੇਟੀ ਸਮੇਤ 5 ਲੋਕਾਂ ਦੀ ਮੌਤ ਹੋ ਗਈ। ਪੁਲਸ ਨੇ ਦੱਸਿਆ ਕਿ ਹਾਦਸੇ 'ਚ ਇਕ ਸਾਲ ਦੀ ਬੱਚੀ ਜ਼ਖਮੀ ਹੋ ਗਈ। ਪੁਲਸ ਮੁਤਾਬਕ ਇਹ ਹਾਦਸਾ ਨਿੰਬਹੇੜਾ ਸਦਰ ਥਾਣਾ ਖੇਤਰ 'ਚ ਚਿਤੌੜਗੜ੍ਹ-ਨਿੰਬਹੇੜਾ ਹਾਈਵੇਅ 'ਤੇ ਉਸ ਸਮੇਂ ਹੋਇਆ ਜਦੋਂ ਇਕ ਟਰੱਕ ਨੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਬਾਈਕ 'ਤੇ 6 ਲੋਕ ਸਵਾਰ ਸਨ। ਮ੍ਰਿਤਕਾਂ ਵਿੱਚੋਂ ਦੋ ਇੱਕ ਫੈਕਟਰੀ ਵਿੱਚ ਮਜ਼ਦੂਰ ਵਜੋਂ ਕੰਮ ਕਰਦੇ ਸਨ ਅਤੇ ਕੰਮ ਤੋਂ ਵਾਪਸ ਆ ਰਹੇ ਸਨ ਜਦੋਂ ਇਹ ਹਾਦਸਾ ਵਾਪਰਿਆ।

ਥਾਣਾ ਮੁਖੀ ਸੰਜੇ ਸ਼ਰਮਾ ਨੇ ਦੱਸਿਆ ਕਿ ਭਵਾਲੀਆ ਪਿੰਡ ਨੇੜੇ ਬੀਤੀ ਰਾਤ ਇੱਕ ਭਾਰੀ ਵਾਹਨ ਨੇ ਬਾਈਕ ਨੂੰ ਟੱਕਰ ਮਾਰ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਹਾਦਸੇ ਵਿੱਚ ਇੱਕ ਔਰਤ ਅਤੇ ਅੱਠ ਸਾਲਾ ਬੱਚੀ ਸਮੇਤ ਪੰਜ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਇੱਕ ਸਾਲ ਦੀ ਬੱਚੀ ਜ਼ਖ਼ਮੀ ਹੋ ਗਈ। ਸ਼ਰਮਾ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਰੋਸ਼ਨ (32), ਉਸ ਦੀ ਪਤਨੀ ਰਾਮਕੰਨਿਆ (30) ਅਤੇ ਉਨ੍ਹਾਂ ਦੀ ਬਾਕੀ ਸਫਾ 2 'ਤੇ

# ਕੈਨੇਡਾ 'ਚ 3 ਪੰਜਾਬੀਆਂ ਨੇ ਕਰ ਦਿੱਤੀ ਵਾਰਦਾਤ, ਪੁਲਿਸ ਕਰ ਰਹੀ ਜਾਂਚ



(ਪੰਜਾਬ ਸਟਾਰ ਬਿਊਰੋ):
ਟੋਰਾਂਟੋ : ਕੈਨੇਡਾ ਵਿਚ ਤਿੰਨ ਪੰਜਾਬੀਆਂ 'ਤੇ ਵੱਡੀਆਂ ਵਾਰਦਾਤਾਂ ਕਰਨ ਦੇ ਦੋਸ਼ ਲੱਗੇ ਹਨ। ਪਹਿਲੀ ਵਾਰਦਾਤ ਓਂਟਾਰੀਓ ਦੇ ਨਿਊ ਮਾਰਕੀਟ ਸ਼ਹਿਰ ਵਿਚ ਇਕ ਗੈਸ ਸਟੇਸ਼ਨ 'ਤੇ ਵਾਪਰੀ, ਜਿਥੇ ਤੇਲ ਪਵਾਉਣ ਆਈ ਇਕ ਔਰਤ ਤੋਂ ਕਾਰ ਖੋਹਣ ਦੇ ਮਾਮਲੇ ਵਿਚ ਯਾਰਕ ਰੀਜਨਲ ਪੁਲਸ 39 ਸਾਲ ਦੇ ਗਿਆਨੀ ਜ਼ੈਲ ਸਿੰਘ ਸਿੱਧੂ ਦੀ ਭਾਲ ਕਰ ਰਹੀ ਹੈ। ਦੂਜੀ ਵਾਰਦਾਤ ਵੌਅਨ ਸ਼ਹਿਰ ਵਿਚ ਸਾਹਮਣੇ ਆਈ, ਜਿਥੇ ਇਕ ਸਟੋਰ ਲੁੱਟਣ ਦੇ ਮਾਮਲੇ ਵਿਚ ਸੁਖਮਨਪ੍ਰੀਤ ਸਿੰਘ ਅਤੇ ਲਵਪ੍ਰੀਤ ਸਿੰਘ ਨੂੰ ਕਾਬੂ ਕੀਤਾ ਗਿਆ ਹੈ। ਪੁਲਸ ਨੇ ਵਾਰਦਾਤ ਦੀ ਵੀਡੀਓ ਜਾਰੀ ਕਰਦਿਆਂ ਦੱਸਿਆ ਕਿ ਨਿਊ ਮਾਰਕੀਟ ਦੇ ਮੁਲੌਕ ਡਰਾਈਵ ਅਤੇ ਹੈਰੀ ਵੌਕਰ ਪਾਰਕਵੇਅ ਇਲਾਕੇ ਦੇ ਇਕ ਗੈਸ ਸਟੇਸ਼ਨ 'ਤੇ ਇਕ ਔਰਤ ਆਪਣੀ ਗੱਡੀ ਵਿਚ ਤੇਲ ਪਾ ਰਹੀ ਸੀ, ਜਦੋਂ ਸ਼ੱਕੀ ਆਇਆ ਅਤੇ ਗੱਡੀ ਦੀ ਡਰਾਈਵਰ ਸੀਟ 'ਤੇ ਬੈਠ ਗਿਆ। ਸ਼ੱਕੀ ਨੇ ਜਿਉਂ ਹੀ ਗੱਡੀ ਭਜਾਉਣ ਦਾ ਯਤਨ ਕੀਤਾ ਤਾਂ ਔਰਤ ਉਸ ਨਾਲ ਭਿੜ ਗਈ ਅਤੇ ਆਪਣੀ ਗੱਡੀ ਬਚਾਉਣ ਦੇ ਯਤਨ ਕਰਨ ਲੱਗੀ। ਗੈਸ ਸਟੇਸ਼ਨ 'ਤੇ ਹੋ ਰਹੀ ਹੱਥਪਾਈ ਦੇਖ ਕੇ ਇਕ ਅਣਜਾਣ ਸ਼ਖਸ ਨੇ ਆਪਣੀ ਗੱਡੀ ਅੱਗੇ ਲਾ ਦਿਤੀ ਪਰ ਸ਼ੱਕੀ ਨੇ ਔਰਤ ਨੂੰ ਧੱਕਾ ਦੇ ਕੇ ਬਾਹਰ ਕੱਢ ਦਿਤਾ ਅਤੇ ਗੱਡੀ ਬੈਕ ਕਰ ਕੇ ਫਰਾਰ ਹੋ ਗਿਆ।

**ਚੱਪਾ-ਚੱਪਾ ਛਾਣ ਰਹੀ ਯਾਰਕ ਰੀਜਨਲ ਪੁਲਸ**

ਇਸ ਵਾਰਦਾਤ ਦੌਰਾਨ ਕੋਈ ਜ਼ਖਮੀ ਨਹੀਂ ਹੋਇਆ। ਦੂਜੇ ਪਾਸੇ ਕੈਲੇਡਨ ਦੇ ਮੇਅਫੀਲਡ ਰੋਡ ਅਤੇ ਬਰੈਮਲੀ ਰੋਡ ਇਲਾਕੇ ਵਿਚ ਹਾਦਸਾ ਵਾਪਰਨ ਦੀ ਸੂਚਨਾ ਮਿਲਣ 'ਤੇ ਪੁੱਜੇ ਓਂਟਾਰੀਓ ਬਾਕੀ ਸਫਾ 2 'ਤੇ













# ਕੈਨੇਡਾ ਦੇ ਰੇਲਵੇ ਕਾਮਿਆਂ ਦੀ ਹੜਤਾਲ ਦਾ ਖਦਸ਼ਾ

## ਜ਼ਰੂਰੀ ਵਸਤਾਂ ਦੀਆ ਕੀਮਤਾਂ ਵਿੱਚ ਹੋ ਸਕਦੈ ਵਾਧਾ



ਵੈਨਕੂਵਰ (ਪੰਜਾਬ ਸਟਾਰ ਬਿਊਰੋ) : ਕੈਨੇਡਾ ਉਤੇ ਹੁਣ ਰੇਲ ਕਾਮਿਆਂ ਦੀ ਹੜਤਾਲ ਦਾ ਖਤਰਾ ਮੰਡਰਾਅ ਰਿਹਾ ਹੈ ਅਤੇ ਸਮਾਂ ਲੰਘਣ ਦੇ ਨਾਲ ਕਾਰੋਬਾਰੀਆਂ ਸਣੇ ਕਿਸਾਨਾਂ ਦੇ ਦਿਲਾਂ ਦੀਆਂ ਧੜਕਣਾਂ ਤੇਜ਼ ਹੁੰਦੀਆਂ ਜਾ ਰਹੀਆਂ ਹਨ। ਕੈਨੇਡੀਅਨ ਰੇਲਵੇ ਵੱਲੋਂ ਹਰ ਸਾਲ 350 ਅਰਬ ਡਾਲਰ ਮੁੱਲ ਦੀਆਂ ਵਸਤਾਂ ਦਾ ਢੋਆ-ਢੁਆਈ ਕੀਤੀ ਜਾਂਦੀ ਹੈ ਅਤੇ ਬੰਦਰਗਾਹਾਂ ਰਾਹੀਂ ਵਿਦੇਸ਼ ਭੇਜੇ ਜਾਣ ਵਾਲੇ ਸਮਾਨ ਦਾ ਅੱਧੇ ਤੋਂ ਵੱਧ ਹਿੱਸਾ ਰੇਲਵੇ ਰਾਹੀਂ ਪਹੁੰਚਾਇਆ ਜਾਂਦਾ ਹੈ। ਕੈਨੇਡੀਅਨ ਨੈਸ਼ਨਲ ਰੇਲਵੇ ਅਤੇ ਕੈਨੇਡੀਅਨ ਪੈਸੇਫਿਕ ਕੈਨਸਸ ਸਿਟੀ ਲਿਮ. ਦੇ ਤਕਰੀਬਨ 9,300 ਕਾਮਿਆਂ ਦੀ ਸੰਭਾਵਤ ਹੜਤਾਲ ਦਾ ਅਸਰ ਪਹਿਲਾਂ ਹੀ ਨਜ਼ਰ ਆਉਣਾ ਸ਼ੁਰੂ ਹੋ ਗਿਆ ਹੈ ਕਿਉਂਕਿ ਕੁਝ ਕਲਾਈਂਟਸ ਵੱਲੋਂ ਆਪਣੇ ਕਾਰਗੋ ਦੇ ਰੂਟ ਬਦਲੇ ਜਾ ਰਹੇ ਹਨ। ਦੂਜੇ ਪਾਸੇ ਹੜਤਾਲ ਹੋਣ ਦੀ ਸੂਰਤ ਵਿਚ ਵੀ ਗੈਸੋਲੀਨ ਅਤੇ ਪਾਣੀ ਵਿਚ ਰਲਾਉਣ ਲਈ ਕਲੋਰੀਨ ਦੀ ਢੋਆ ਢੁਆਈ ਨਹੀਂ ਰੋਕੀ ਜਾ ਸਕਦੀ। ਕੈਨੇਡਾ ਦੇ ਕਿਰਤ ਮੰਤਰੀ ਸਟੀਵਨ ਮੈਕਿਨਨ ਵੱਲੋਂ ਸੋਮਵਾਰ ਨੂੰ ਯੂਨੀਅਨ ਆਗੂਆਂ ਨਾਲ ਮੁਲਾਕਾਤ ਕੀਤੀ ਗਈ। ਗਲੋਬਲ ਨਿਊਜ਼ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸ਼ੁਰੂਆਤ ਵਿਚ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ ਅਤੇ ਹੁਣ ਗੱਲਬਾਤ ਨੂੰ ਮੁੜ ਅੱਗੇ ਵਧਾਉਣਾ ਸੌਖਾ ਨਹੀਂ। ਰੇਲਵੇ ਪ੍ਰਬੰਧਕਾਂ ਅਤੇ ਕਾਮਿਆਂ ਨੂੰ ਆਪਣੇ ਪੱਧਰ 'ਤੇ ਕੋਈ ਨਾਲ ਕੋਈ ਸਮਝੌਤਾ ਕਰਨਾ ਚਾਹੀਦਾ ਹੈ ਜੋ ਸਭਨਾਂ ਵਾਸਤੇ ਫਾਇਦੇਮੰਦ ਸਾਬਤ ਹੋਵੇਗਾ। ਇਕ ਪਾਸੇ ਦੋਵੇਂ ਧਿਰਾਂ ਗੱਲਬਾਤ ਦੀ ਮੇਜ਼ 'ਤੇ ਆਉਣ ਦੀ ਹਾਮੀ ਭਰ ਰਹੀਆਂ ਹਨ ਜਦਕਿ ਦੂਜੇ ਪਾਸੇ ਗੱਲਬਾਤ ਦੀ ਪ੍ਰਕਿਰਿਆ ਤੋੜਨ ਦੇ ਦੋਸ਼ ਲਾਏ ਜਾ ਰਹੇ ਹਨ। ਇਸੇ ਦੌਰਾਨ ਸੀ.ਐਨ. ਰੇਲ ਦੇ ਬੁਲਾਰੇ ਨੇ ਕਿਹਾ ਕਿ ਯੂਨੀਅਨ ਸਾਹਮਣੇ ਤਿੰਨ ਬਦਲ ਰੱਖੇ ਗਏ ਪਰ ਯੂਨੀਅਨ ਆਗੂਆਂ ਨੇ ਨਵੀਆਂ ਮੰਗਾਂ ਗਿਣਾ ਦਿਤੀਆਂ। ਇਸ ਟਕਰਾਅ ਦਾ ਹੱਲ ਤਲਾਸ਼ ਕਰਨਾ ਜ਼ਰੂਰੀ ਹੈ ਕਿਉਂਕਿ ਫਾਲ ਸੀਜ਼ਨ ਵਿਚ ਸ਼ਿਪਿੰਗ ਦੀ ਮੰਗ ਸਿਖਰ 'ਤੇ ਪੁੱਜ ਜਾਂਦੀ ਹੈ ਅਤੇ ਕਰੋੜਾਂ ਟਨ ਅਨਾਜ ਦੇ ਹੋਰ ਉਤਪਾਦ ਬਾਜ਼ਾਰ ਵਿਚ ਪੁੱਜਣੇ ਹੁੰਦੇ ਹਨ। ਇਥੇ ਦਸਣਾ ਬਣਦਾ ਹੈ ਕਿ ਕੈਨੇਡਾ ਦੀ ਸਪਲਾਈ ਚੇਨ ਵਿਚ ਪਿਛਲੇ ਚਾਰ ਸਾਲ ਦੌਰਾਨ ਹੜਤਾਲ ਵਰਗੀਆਂ ਕਈ ਸਮੱਸਿਆਵਾਂ ਆ ਚੁੱਕੀਆਂ ਹਨ। ਪਿਛਲੇ ਸਾਲ ਬੀ.ਸੀ. ਦੇ ਬੰਦਰਗਾਹ ਕਾਮੇ 13 ਦਿਨ ਹੜਤਾਲ 'ਤੇ ਰਹੇ ਜਿਸ ਕਾਰਨ ਅਰਥਚਾਰੇ ਨੂੰ ਅਰਬਾਂ ਡਾਲਰ ਦਾ ਨੁਕਸਾਨ ਹੋਇਆ।

## ਇਸਲਾਮਿਕ ਸਟੇਟ ਨਾਲ ਸਬੰਧਤ ਅਤਿਵਾਦੀ ਨੂੰ ਕਨੇਡੀਅਨ ਸਿਟੀਜ਼ਨਸ਼ਿਪ 'ਤੇ ਵਿਵਾਦ



ਔਟਵਾ (ਪੰਜਾਬ ਸਟਾਰ ਬਿਊਰੋ): ਇਸਲਾਮਿਕ ਸਟੇਟ ਨਾਲ ਸਬੰਧਤ ਹੋਣ ਦੇ ਦੋਸ਼ ਹੇਠ ਗ੍ਰਿਫ਼ਤਾਰ ਪ੍ਰਵਾਸੀ ਨੂੰ ਕੈਨੇਡੀਅਨ ਸਿਟੀਜ਼ਨਸ਼ਿਪ ਦਿਤੇ ਜਾਣ 'ਤੇ ਸਵਾਲ ਉਠਾਉਂਦਿਆਂ ਕੰਜ਼ਰਵੇਟਿਵ ਪਾਰਟੀ ਨੇ ਟਰੂਡੋ ਸਰਕਾਰ ਤੋਂ ਸਪੱਸ਼ਟੀਕਰਨ ਮੰਗਿਆ ਹੈ। ਕੰਜ਼ਰਵੇਟਿਵ ਪਾਰਟੀ ਦੇ ਹਾਊਸ ਲੀਡਰ ਐਂਡਰਿਊ ਸ਼ੀਅਰ ਨੇ ਕਿਹਾ ਕਿ ਹਾਊਸ ਆਫ ਕਾਮਨਜ਼ ਦੀ ਲੋਕ ਸੁਰੱਖਆ ਬਾਰੇ ਕਮੇਟੀ ਤੋਂ ਮਾਮਲੇ ਦੀ ਪੜਤਾਲ ਕਰਵਾਈ ਜਾਵੇ। ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ, ''ਕੈਨੇਡਾ ਵਾਸੀਆਂ ਨੂੰ ਇਹ ਜਾਨਣ ਦਾ ਪੂਰਾ ਹੱਕ ਹੈ ਕਿ ਘੋਰ ਗਲਤੀ ਕਿਵੇਂ ਹੋਈ। ਅਤਿਵਾਦੀ ਜਥੇਬੰਦੀ ਨਾਲ ਕਥਿਤ ਤੌਰ 'ਤੇ ਸਬੰਧਤ ਸ਼ਖਸ ਕੈਨੇਡਾ ਵਿਚ ਦਾਖਲ ਹੋਇਆ ਅਤੇ ਇਥੋਂ ਦੀ ਨਾਗਰਿਕਤਾ ਵੀ ਹਾਸਲ ਕਰ ਲਈ। ਮੁਲਕ ਦੇ ਲੋਕ ਇਹ ਵੀ ਜਾਨਣਾ ਚਾਹੁੰਦੇ ਹਨ ਕਿ ਕੀ ਅਜਿਹੇ ਪਿਛੋਕੜ ਵਾਲੇ ਕਿੰਨੇ ਲੋਕਾਂ ਨੂੰ ਕੈਨੇਡਾ ਵਿਚ ਦਾਖਲ ਹੋਣ ਦੀ ਇਜਾਜ਼ਤ ਦਿਤੀ ਗਈ।''

# ਕੈਨੇਡਾ 'ਚ ਪੰਜਾਬੀ ਕਾਰੋਬਾਰੀਆਂ 'ਤੇ ਮੁੜ ਹਮਲਾ

## ਸਰੀ ਵਿਖੇ ਅਣਪਛਾਤੇ ਹਮਲਾਵਰਾਂ ਨੇ ਚਲਾਈਆਂ ਗੋਲੀਆਂ




ਸਰੀ (ਪੰਜਾਬ ਸਟਾਰ ਬਿਊਰੋ): ਕੈਨੇਡਾ ਵਿਚ ਪੰਜਾਬੀ ਕਾਰੋਬਾਰੀਆਂ ਨੂੰ ਮੁੜ ਨਿਸ਼ਾਨਾ ਬਣਾਇਆ ਗਿਆ ਜਦੋਂ ਸਰੀ ਵਿਖੇ ਅਣਪਛਾਤੇ ਹਮਲਾਵਰ ਅੰਨ੍ਹੇਵਾਹ ਗੋਲੀਆਂ ਚਲਾ ਕੇ ਫਰਾਰ ਹੋ ਗਏ। ਗੋਲੀਬਾਰੀ ਦੀ ਵਾਰਦਾਤ ਸੁੱਖ ਹੇਅਰ ਐਂਡ ਬਿਊਟੀ ਸੈਲੂਨ ਵਿਖੇ ਵਾਪਰੀ ਜਿਸ ਦੇ ਆਲੇ-ਦੁਆਲੇ ਸਾਰੀਆਂ ਦੁਕਾਨਾਂ ਭਾਰਤੀ ਭਾਈਚਾਰੇ ਨਾਲ ਸਬੰਧਤ ਹਨ। ਆਰ.ਸੀ.ਐਮ.ਪੀ. ਨੇ ਦੱਸਿਆ ਕਿ ਸਰੀ ਦੇ 72ਵੇਂ ਐਵੇਨਿਊ ਵਿਖੇ ਸਥਿਤ ਦੁਕਾਨ 'ਤੇ 4 ਅਗਸਤ ਦੀ ਰਾਤ ਤਕਰੀਬਨ 11 ਵਜੇ ਗੋਲੀਆਂ ਚੱਲੀਆਂ। ਖੁਸ਼ਕਿਸਮਤੀ ਨਾਲ ਵਾਰਦਾਤ ਵੇਲੇ ਦੁਕਾਨ ਵਿਚ ਕੋਈ ਮੌਜੂਦ ਨਹੀਂ ਸੀ ਅਤੇ ਕਿਸੇ ਦੇ ਜ਼ਖਮੀ ਹੋਣ ਦੀ ਰਿਪੋਰਟ ਨਹੀਂ। ਮੌਕਾ ਏ ਵਾਰਦਾਤ 'ਤੇ ਪੜਤਾਲ ਕਰ ਰਹੇ ਅਫਸਰਾਂ ਨੇ ਦੇਖਿਆ ਕਿ ਗੋਲੀਆਂ ਕਾਰਨ ਸੈਲੂਨ ਦੇ ਮੂਹਰਲੇ ਹਿੱਸੇ ਵਿਚ ਚਾਰ ਵੱਡੇ ਸੁਰਾਖ ਬਣ ਗਏ। ਹਮਲਾਵਰਾਂ ਦੀ ਸੀ.ਸੀ.ਟੀ.ਵੀ. ਫੁਟੇਜ ਵੀ ਸਾਹਮਣੇ ਆਈ ਹੈ ਜਿਸ ਵਿਚ ਦੇਖਿਆ ਜਾ ਸਕਦਾ ਹੈ ਕਿ ਪੈਦਲ ਜਾ ਰਹੇ ਦੋ ਜਣਿਆਂ ਵਿਚੋਂ ਇਕ ਨੇ ਸੁੱਖ ਹੇਅਰ ਐਂਡ ਬਿਊਟੀ ਸੈਲੂਨ ਦੇ ਬਹਰ ਰੁਕ ਦੇ ਗੋਲੀਆਂ ਚਲਾਈਆਂ ਅਤੇ ਇਸ ਮਗਰੋਂ ਦੋਵੇਂ ਜਣੇ ਫਰਾਰ ਹੋ ਗਏ। ਫਿਲਹਾਲ ਵਾਰਦਾਤ ਦੇ ਮਕਸਦ ਬਾਰੇ ਪਤਾ ਨਹੀਂ ਲੱਗ ਸਕਿਆ।

ਬਿਲਕੁਲ ਨਾਲ ਲਗਦੀ ਢੇਸੀ ਮੀਟ ਸ਼ੌਪ ਦੇ ਮਾਲਕ ਕੁਲਜੀਤ ਸੰਧੂ ਗੋਲੀਬਾਰੀ ਦੀ ਵਾਰਦਾਤ ਤੋਂ ਬੇਹੱਦ ਚਿੰਤਤ ਨਜ਼ਰ ਆਏ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਦੌਰਾਨ ਸਰੀ ਦੇ ਹਾਲਾਤ ਬਦਤਰ ਹੁੰਦੇ ਜਾ ਰਹੇ ਹਨ ਅਤੇ ਕੋਈ ਦਿਨ ਹੀ ਖਾਲੀ ਜਾਂਦਾ ਹੈ ਜਦੋਂ ਗੋਲੀਆਂ ਨਹੀਂ ਚਲਦੀਆਂ। ਕੁਲਜੀਤ ਸੰਧੂ ਦੀ ਘਬਰਾਹਟ ਪੂਰੀ ਤਰ੍ਹਾਂ ਵਾਜਬ ਹੈ ਕਿਉਂਕਿ ਸਵਾਲ ਇਹ ਉਠਦਾ ਕਿ ਗੋਲੀਬਾਰੀ ਦਾ ਨਿਸ਼ਾਨਾ ਆਖਰਕਾਰ ਕੌਣ ਸੀ। ਵਾਰਦਾਤ ਵਾਲੀ ਥਾਂ ਨੇੜੇ ਇਕ ਅਪਾਰਟਮੈਂਟ ਵਿਚ ਰਹਿੰਦੇ ਸਾਹਿਬ ਵਾਲੀਆਂ ਨੇ ਕਿਹਾ ਕਿ ਉਨ੍ਹਾਂ ਨੇ ਗੋਲੀਆਂ ਦੀ ਆਵਾਜ਼ ਨਹੀਂ ਸੁਣੀ ਪਰ ਇਸ ਮਗਰੋਂ ਪੈਦਾ ਹੋਇਆ ਡਰ ਆਂਢ ਗੁਆਂਢ ਵਿਚ ਰਹਿੰਦੇ ਹਰ ਸ਼ਖਸ ਦੇ ਚਿਹਰੇ 'ਤੇ ਨਜ਼ਰ ਆ ਰਿਹਾ ਸੀ। ਸਾਹਿਬ ਵਾਲੀਆ ਨੇ ਸਵਾਲੀਆ ਲਹਿਜ਼ੇ ਵਿਚ ਕਿਹਾ ਕਿਹਾ ਕਿ ਜੇ ਦੁਕਾਨ ਦੇ ਅੰਦਰ ਕੋਈ ਹੁੰਦਾ ਤਾਂ ਅਣਹੋਣੀ ਵੀ ਵਾਪਰ ਸਕਦੀ ਸੀ। ਸਰੀ. ਆਰ.ਸੀ.ਐਮ.ਪੀ. ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਕੋਲ ਮਾਮਲੇ ਨਾਲ ਸਬੰਧਤ ਜਾਣਕਾਰੀ ਹੋਵੇ ਤਾਂ ਉਹ ਜਾਂਚਕਰਤਾਵਾਂ ਨਾਲ 604 599 0502 'ਤੇ ਸੰਪਰਕ ਕਰੇ। ਕਾਲ ਕਰਨ ਵਾਲੇ ਵੱਲੋਂ ਫਾਈਲ ਨੰਬਰ 2024-114887 ਦਾ ਜ਼ਿਕਰ ਲਾਜ਼ਮੀ ਤੌਰ 'ਤੇ ਕੀਤਾ ਜਾਵੇ।

## ਸ਼ੇਖ ਹਸੀਨਾ ਥੋੜ੍ਹੇ ਸਮੇਂ ਲਈ ਦਿੱਲੀ 'ਚ ਰਹਿਣਗੇ : ਸਜੀਬ ਵਾਜਿਦ



ਢਾਕਾ : ਬੰਗਲਾਦੇਸ਼ ਵਿਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਤੋਂ ਬਾਅਦ ਦੇਸ਼ ਛੱਡ ਕੇ ਭਾਰਤ ਆਈ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਕੁੱਝ ਸਮੇਂ ਲਈ ਦਿੱਲੀ ਵਿਚ ਰਹੇਗੀ। ਇਹ ਜਾਣਕਾਰੀ ਹਸੀਨਾ ਦੇ ਪੁੱਤਰ ਸਜੀਬ ਵਾਜਿਦ ਜੋਏ ਨੇ ਦਿੱਤੀ। ਜ਼ਿਕਰਯੋਗ ਹੈ ਸ਼ੇਖ ਹਸੀਨਾ ਸੋਮਵਾਰ ਨੂੰ ਦਿੱਲੀ ਦੇ ਨਜ਼ਦੀਕ ਸਥਿਤ ਹਵਾਈ ਸੈਨਾ ਦੇ ਅੱਡੇ 'ਤੇ ਪਹੁੰਚੀ ਸੀ, ਜਿਸ ਨੂੰ ਸੁਰੱਖਿਆ ਕਾਰਨਾਂ ਦੇ ਚਲਦਿਆਂ ਬਾਅਦ ਵਿਚ ਇਕ ਸੁਰੱਖਿਅਤ ਥਾਂ 'ਤੇ ਭੇਜ ਦਿੱਤਾ ਗਿਆ ਸੀ। ਹਸੀਨਾ ਦੇ ਨਾਲ ਉਨ੍ਹਾਂ ਦੀ ਭੈਣ ਸ਼ੇਖ ਰਿਹਾਨਾ ਵੀ ਮੌਜੂਦ ਹਨ।

ਜਰਮਨੀ ਮੀਡੀਆ ਦੇ ਅਦਾਰੇ ਨੂੰ ਦਿੱਤੇ ਇਕ ਇੰਟਰਵਿਊ ਦੌਰਾਨ ਕਿਸੇ ਹੋਰ ਦੇਸ਼ ਵਿਚ ਸ਼ਰਨ ਮੰਗੇ ਜਾਣ ਬਾਰੇ ਸ਼ੇਖ ਹਸੀਨਾ ਦੀ ਯੋਜਨਾ ਬਾਰੇ ਸਵਾਲ ਦੇ ਜਵਾਬ ਵਿਚ ਜੋਏ ਨੇ ਕਿਹਾ ਇਹ ਸਭ ਅਫ਼ਵਾਹਾਂ ਹਨ, ਇਸ ਬਾਰੇ ਹਾਲੇ ਕੋਈ ਫ਼ੈਸਲਾ ਨਹੀਂ ਲਿਆ ਗਿਆ ਹੈ ਅਤੇ ਮੇਰੀ ਭੈਣ ਉਨ੍ਹਾਂ ਦੇ ਨਾਲ ਹੈ ਅਤੇ ਉਹ ਇਕੱਲੇ ਨਹੀਂ ਹਨ।

ਸ਼ੇਖ ਹਸੀਨਾ ਧੀ ਵਿਸ਼ਵ ਸਿਹਤ ਸੰਗਠਨ ਦੀ ਦੱਖਣ ਪੂਰਬ ਏਸ਼ੀਆ ਖੇਤਰ ਦੀ ਨਿਰਦੇਸ਼ਕ ਹੈ, ਜਿਸਦਾ ਮੁੱਖ ਦਫ਼ਤਰ ਦਿੱਲੀ ਵਿਚ ਸਥਿਤ ਹੈ। ਬ੍ਰਿਟੇਨ ਵੱਲੋਂ ਸ਼ਰਣ ਦੇਣ ਲਈ ਟਾਲਮਟੋਲ ਕੀਤੇ ਜਾਣ ਤੋਂ ਬਾਅਦ ਹਸੀਨਾ ਦੀ ਲੰਡਨ ਯਾਤਰਾ ਦੀ ਯੋਜਨਾ ਅੱਧ ਵਿਚਕਾਰ ਲਟਕ ਗਈ ਹੈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

# ਪੇਜ ਇੱਕ ਦੀ ਬਾਕੀ

## ਹਿਮਾਚਲ 'ਚ ਮੀਂਹ...

ਬਣਾਇਆ ਜਾ ਸਕੇ ਕਿ ਬਚਾਅ ਕਾਰਜਾਂ ਵਿੱਚ ਕੋਈ ਦੇਰੀ ਨਾ ਹੋਵੇ। ਸਮਾਜ ਵਿੱਚ ਬੱਦਲ ਫਟਣਾ ਇੱਕ ਵੱਡੀ ਤਬਾਹੀ ਹੈ।" ਉਨ੍ਹਾਂ ਅੱਗੇ ਦੱਸਿਆ ਕਿ ਵੀਰਵਾਰ ਸਵੇਰ ਤੱਕ 13 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਇਸ ਤੋਂ ਪਹਿਲਾਂ ਚਾਰ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਸਨ। ਦਸ ਹੋਰ ਲੋਕ ਲਾਪਤਾ ਸਨ, ਅਤੇ ਹੁਣ ਤੱਕ ਸਾਨੂੰ ਨੌਂ ਲਾਸ਼ਾਂ ਮਿਲੀਆਂ ਹਨ।

ਉਨ੍ਹਾਂ ਦੱਸਿਆ ਇੱਕ ਵਿਅਕਤੀ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਬਚਾਅ ਕਾਰਜ ਸਹੀ ਢੰਗ ਨਾਲ ਚੱਲੇ।" ਇਸ ਤੋਂ ਪਹਿਲਾਂ, IMD ਨੇ 7 ਅਗਸਤ ਨੂੰ ਸੂਬੇ ਭਰ ਵਿੱਚ ਭਾਰੀ ਬਾਰਸ਼ ਦੀ ਰਿਪੋਰਟ ਦਿੱਤੀ ਸੀ, ਜਿਸ ਵਿੱਚ ਮੰਡੀ ਜ਼ਿਲ੍ਹੇ ਦੇ ਜੋਗਿੰਦਰ ਨਗਰ ਵਿੱਚ 24 ਘੰਟਿਆਂ ਵਿੱਚ ਸਭ ਤੋਂ ਵੱਧ 110 ਮਿਲੀਮੀਟਰ ਬਾਰਸ਼ ਹੋਈ ਸੀ।

IMD ਹਿਮਾਚਲ ਪ੍ਰਦੇਸ਼ ਦੇ ਮੁਖੀ ਕੁਲਦੀਪ ਸ਼੍ਰੀਵਾਸਤਵ ਨੇ ਕਿਹਾ ਕਿ ਬੁੱਧਵਾਰ ਨੂੰ ਵੱਖ-ਵੱਖ ਖੇਤਰਾਂ ਲਈ ਅਲਰਟ ਜਾਰੀ ਕੀਤਾ ਗਿਆ ਸੀ। ਉਨ੍ਹਾਂ ਕਿਹਾ, "ਅਸੀਂ ਪਿਛਲੇ 24 ਘੰਟਿਆਂ ਦੌਰਾਨ ਮੰਡੀ ਜ਼ਿਲ੍ਹੇ ਦੇ ਜੋਗਿੰਦਰ ਨਗਰ ਵਿੱਚ 110 ਮਿਲੀਮੀਟਰ ਬਾਰਸ਼ ਦਰਜ ਕੀਤੀ ਹੈ। ਇਹ ਭਾਰੀ ਮੀਂਹ ਹੈ ਅਤੇ ਸਿਰਮੌਰ ਜ਼ਿਲ੍ਹੇ ਵਿੱਚ ਭਾਰੀ ਬਾਰਸ਼ ਹੋਈ ਹੈ," ਡਾ. ਸ਼੍ਰੀਵਾਸਤਵ ਨੇ ਦੱਸਿਆ, "ਰਾਜ ਦੇ ਹੋਰ ਹਿੱਸਿਆਂ ਵਿੱਚ ਦਰਮਿਆਨੀ ਬਾਰਿਸ਼ ਹੋਈ ਹੈ। ਪਿਛਲੇ 24 ਘੰਟਿਆਂ ਵਿੱਚ ਲਗਭਗ 75ਪ੍ਰਤੀਸ਼ਤ ਖੇਤਰਾਂ ਵਿੱਚ 30 ਮਿਲੀਮੀਟਰ ਤੋਂ 50 ਮਿਲੀਮੀਟਰ ਤੱਕ ਬਾਰਿਸ਼ ਹੋਈ ਹੈ।" IMD ਨੇ ਹੇਠਲੇ ਹਿਮਾਲੀਅਨ ਜ਼ਿਲ੍ਹਿਆਂ ਬਿਲਾਸਪੁਰ, ਹਮੀਰਪੁਰ, ਕਾਂਗੜਾ, ਚੰਬਾ ਅਤੇ ਮੰਡੀ ਲਈ ਔਰੇਂਜ ਅਲਰਟ ਜਾਰੀ ਕੀਤਾ ਹੈ।

## ਕੈਨੇਡਾ: ਆਰਜ਼ੀ ਵਿਦੇਸ਼ੀ...

ਰੁਜ਼ਗਾਰ ਅਤੇ ਸਮਾਜਿਕ ਵਿਕਾਸ ਵਿਭਾਗ ਵਲੋਂ ਜਾਰੀ ਪੱਤਰ ਵਿੱਚ ਕਿਹਾ ਗਿਆ ਹੈ ਕਿ ਹੁਣ ਇਸ ਪ੍ਰੋਗਰਾਮ ਅਧੀਨ ਆਈਆਂ ਦਰਖਾਸਤਾਂ ਨੂੰ ਪਹਿਲੀ ਵਾਰ 'ਚ ਰੱਦ ਕੀਤੇ ਜਾਣ ਦੀ ਨੀਤੀ ਲਾਗੂ ਹੋਵੇਗੀ। ਮੰਤਰੀ ਨੇ ਕਿਹਾ ਕਿ ਇਸ ਪ੍ਰੋਗਰਾਮ ਰਾਹੀਂ ਕਾਮਿਆਂ ਨੂੰ ਘੱਟ ਤਨਖਾਹ ਸਮੇਤ ਹੋਰ ਸ਼ੋਸ਼ਣ ਵੀ ਹੁੰਦੇ ਰਹੇ ਹਨ। ਸਾਲ 2018 'ਚ ਇਸ ਪ੍ਰੋਗਰਾਮ ਅਧੀਨ 1,08,988 ਵਿਦੇਸ਼ੀ ਲੋਕਾਂ ਨੂੰ ਸੱਦਿਆ ਗਿਆ ਸੀ ਜਦਕਿ 2023 'ਚ ਇਹ ਗਿਣਤੀ ਦੁੱਗਣੀ ਤੋਂ ਵੀ ਵਧ ਕੇ 2,39,646 ਹੋ ਗਈ ਸੀ।

## ਨੇਪਾਲ 'ਚ ਹੈਲੀਕਾਪਟਰ ...

ਹੋਣ ਦੀ ਖਬਰ ਸਾਹਮਣੇ ਆਈ।

**ਕਿਵੇਂ ਹੋਇਆ ਹਾਦਸਾ ?**

ਹੈਲੀਕਾਪਟਰ ਹਾਦਸੇ ਦਾ ਕਾਰਨ ਪਹਾੜੀ ਨਾਲ ਟਕਰਾਉਣਾ ਮੰਨਿਆ ਜਾ ਰਿਹਾ ਹੈ। ਰਿਪੋਰਟਾਂ ਮੁਤਾਬਕ ਹੈਲੀਕਾਪਟਰ ਨੇ ਪੰਜ ਲੋਕਾਂ ਨੂੰ ਲੈ ਕੇ ਕਾਠਮੰਡੂ ਤੋਂ ਰਸੂਵਾ ਲਈ ਉਡਾਣ ਭਰੀ ਸੀ। ਫਿਰ ਹੈਲੀਕਾਪਟਰ ਨੁਵਾਕੋਟ ਜ਼ਿਲ੍ਹੇ ਦੇ ਸੂਰਿਆ ਚੌਰ-7 'ਤੇ ਪਹਾੜੀ ਨਾਲ ਟਕਰਾ ਗਿਆ। ਪਹਾੜੀ ਨਾਲ ਟਕਰਾਉਣ ਤੋਂ ਬਾਅਦ ਜਹਾਜ਼ ਨੂੰ ਅੱਗ ਲੱਗ ਗਈ ਅਤੇ 5 ਲੋਕਾਂ ਦੀ ਮੌਤ ਹੋ ਗਈ।

**ਇਸ ਤੋਂ ਪਹਿਲਾਂ ਵੀ ਵਾਪਰਿਆ ਸੀ ਹਾਦਸਾ**

ਦੱਸ ਦੇਈਏ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਨੇਪਾਲ ਵਿੱਚ ਕਿਸੇ ਹਾਦਸੇ ਦੀ ਖ਼ਬਰ ਸਾਹਮਣੇ ਆਈ ਹੈ। 24 ਜੁਲਾਈ ਨੂੰ ਵੀ ਨੇਪਾਲ ਵਿੱਚ ਇੱਕ ਜਹਾਜ਼ ਕਰੈਸ਼ ਹੋ ਗਿਆ ਸੀ। ਕਾਠਮੰਡੂ ਤੋਂ ਪੋਖਰਾ ਲਈ ਉਡਾਣ ਭਰਦੇ ਹੀ ਜਹਾਜ਼ ਨੂੰ ਅੱਗ ਲੱਗ ਗਈ ਸੀ। ਜਹਾਜ਼ 'ਚ ਮੌਜੂਦ 19 ਯਾਤਰੀਆਂ 'ਚੋਂ 18 ਯਾਤਰੀਆਂ ਦੀ ਅੱਗ 'ਚ ਮੌਤ ਹੋ ਗਈ ਸੀ। ਮਰਨ ਵਾਲਿਆਂ ਵਿੱਚ ਬੱਚੇ ਵੀ ਸ਼ਾਮਲ ਸਨ।

## ਟੋਰਾਂਟੋ, ਪੀਟਰਬ੍ਰੋਅ...

ਉਸ ਨੇ 911 'ਤੇ ਕਾਲ ਕੀਤੀ, ਪਰ ਪੁਲਿਸ ਹਾਲੇ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕਰ ਸਕੀ। ਇਨ੍ਹਾਂ ਹਮਲਿਆਂ ਕਾਰਨ ਸਿੱਖ ਭਾਈਚਾਰੇ ਵਿੱਚ ਡਰ ਹੈ ਅਤੇ ਵਰਲਡ ਸਿੱਖ ਆਰਗਨਾਈਜ਼ੇਸ਼ਨ (ਡਬਲਿਊ ਐਸ ਓ) ਨੇ ਇਸ 'ਤੇ ਚਿੰਤਾ ਜਤਾਈ ਹੈ। ਡਬਲਿਊ ਐਸ ਓ ਦੇ ਮੁਖੀ ਦਾਨਿਸ਼ ਸਿੰਘ ਨੇ ਕਿਹਾ ਕਿ ਕੈਨੇਡਾ ਵਿੱਚ ਸਿੱਖਾਂ ਵਿਰੁੱਧ ਨਫ਼ਰਤ ਫੈਲਾਈ ਜਾ ਰਹੀ ਹੈ, ਅਤੇ ਇਸ ਦੇ ਨਤੀਜੇ ਵਜੋਂ ਅਜਿਹੇ ਹਮਲੇ ਵਧ ਸਕਦੇ ਹਨ। ਵਰਲਡ ਸਿੱਖ ਆਰਗਨਾਈਜ਼ੇਸ਼ਨ ਨੇ ਕੈਨੇਡਾ ਸਰਕਾਰ ਅਤੇ ਸਥਾਨਕ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਉਹ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਦਮ ਚੁੱਕਣ। ਇਸਦੇ ਨਾਲ ਹੀ, ਸਿੱਖ ਭਾਈਚਾਰੇ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਕਿਸੇ ਵੀ ਨਫ਼ਰਤੀ ਜਾਂ ਵਿਤਕਰੇ ਵਾਲੀ ਘਟਨਾ ਦੀ ਸੂਚਨਾ ਮੌਜੂਦਾ ਅਧਿਕਾਰੀਆਂ ਨੂੰ ਦੇਣ।

## ਮੈਕਸੀਕੋ 'ਚ ਸੜਕ ਹਾਦਸੇ...

ਜਦੋਂ ਸੈਨ ਲੁਈਸ ਐਟੇਕਸਕ ਤੋਂ ਗੁਆਡਾਲੁਪੇ ਵਿਕਟੋਰੀਆ ਵੱਲ ਨੂੰ ਹਾਈਵੇਅ ਦੇ 4 ਕਿਲੋਮੀਟਰ 'ਤੇ ਦੋ ਵਾਹਨਾਂ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਜਨਰਲ ਗੁਆਡਾਲੁਪ ਵਿਕਟੋਰੀਆ ਲਿਜਾਇਆ ਗਿਆ। ਚਸ਼ਮਦੀਦਾਂ ਮੁਤਾਬਕ ਇੱਕ ਵੈਨ ਯਾਤਰੀਆਂ ਨੂੰ ਲੈ ਕੇ ਜਾ ਰਹੀ ਸੀ। ਪੁਏਬਲਾ ਦੇ ਗਵਰਨਰ ਸਰਜੀਓ ਸਲੋਮਨ ਨੇ ਆਪਣੇ ਸੋਸ਼ਲ ਨੈਟਵਰਕਸ 'ਤੇ ਦੁਖੀ ਪਰਿਵਾਰਾਂ ਪ੍ਰਤੀ ਸੰਵੇਦਨਾ ਜ਼ਾਹਰ ਕੀਤੀ।

## ਨਾਬਾਲਿਗ ਧੀ ਸਮੇਤ...

ਬੇਟੀ ਤਾਰਾ (11) ਵਜੋਂ ਹੋਈ ਹੈ। ਇਨ੍ਹਾਂ ਤੋਂ ਇਲਾਵਾ ਦੋ ਹੋਰ ਮ੍ਰਿਤਕਾਂ ਵਿੱਚ ਪਤੀ-ਪਤਨੀ ਦਾ ਰਿਸ਼ਤੇਦਾਰ ਨਾਰੂ (32) ਅਤੇ ਦੋਸਤ ਜੀਵਨ (38) ਸ਼ਾਮਲ ਹਨ। ਰੋਸ਼ਨ ਦੀ ਇੱਕ ਸਾਲ ਦੀ ਬੇਟੀ ਮਹਿਮਾ ਹਾਦਸੇ ਵਿੱਚ ਵਾਲ-ਵਾਲ ਬਚ ਗਈ ਅਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਥਾਣੇਦਾਰ ਨੇ ਦੱਸਿਆ ਕਿ ਇਹ ਸਾਰੇ ਨੇੜਲੇ ਫੈਕਟਰੀਆਂ ਵਿੱਚ ਮਜ਼ਦੂਰ ਵਜੋਂ ਕੰਮ ਕਰਦੇ ਸਨ ਅਤੇ ਮੱਧ ਪ੍ਰਦੇਸ਼ ਦੇ ਨੀਮਚ ਵਿੱਚ ਕਿਸੇ ਰਿਸ਼ਤੇਦਾਰ ਨੂੰ ਮਿਲਣ ਜਾ ਰਹੇ ਸਨ।

## ਕੈਨੇਡਾ 'ਚ 3 ਪੰਜਾਬੀਆਂ...

ਪ੍ਰੋਵਿਨਸ਼ੀਅਲ ਪੁਲਸ ਦੇ ਅਫਸਰਾਂ ਨੇ ਦੱਸਿਆ ਕਿ ਇਕ ਗੱਡੀ ਦਾ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ ਅਤੇ ਇਹ ਉਹੀ ਗੱਡੀ ਸੀ ਜੋ ਨਿਊ ਮਾਰਕੀਟ ਦੇ ਗੈਸ ਸਟੇਸ਼ਨ ਤੋਂ ਖੋਹੀ ਗਈ। ਪੁਲਸ ਮੁਤਾਬਕ ਸ਼ੱਕੀ ਹਾਦਸੇ ਵਾਲੀ ਥਾਂ ਤੋਂ ਪੈਦਲ ਹੀ ਫਰਾਰ ਹੋਇਆ ਅਤੇ ਡਰੋਨ ਦੀ ਮਦਦ ਨਾਲ ਵੀ ਉਸ ਦੀ ਪੈੜ ਨੱਪਣੀ ਸੰਭਵ ਨਾ ਹੋ ਸਕੀ। ਹੁਣ ਪੁਲਸ ਵੱਲੋਂ ਗਿਆਨੀ ਜ਼ੈਲ ਸਿੰਘ ਸਿੱਧੂ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਦਿਆਂ ਉਸ ਦਾ ਕੱਦ ਪੰਜ ਫੁੱਟ ਅੱਠ ਇੰਚ ਦੱਸਿਆ ਗਿਆ ਹੈ ਜਦਕਿ ਵਜ਼ਨ ਤਕਰੀਬਨ 68 ਕਿਲੋ ਹੈ। ਉਸ ਦਾ ਸਰੀਰ ਪਤਲਾ ਅਤੇ ਵਾਰਦਾਤ ਵੇਲੇ ਉਸ ਦੀ ਦਾੜ੍ਹੀ ਵੀ ਨਜ਼ਰ ਆਈ। ਆਖਰੀ ਵਾਰ ਦੇਖੇ ਜਾਣ ਸਮੇਂ ਉਸ ਨੇ ਪਾਊਡਰ ਬਲੂ ਕਲਰ ਦੀ ਅੱਧੀਆਂ ਬਾਹਾਂ ਵਾਲੀ ਪੋਲੋ ਸ਼ਰਟ ਪਹਿਨੀ ਹੋਈ ਸੀ ਜਦਕਿ ਕਾਲੀ ਐਥਲੈਟਿਕ ਪੈਂਟ ਅਤੇ ਨੇਵੀ ਬਲੂ ਕਲਰ ਦੇ ਸ਼ੂਜ਼ ਤੋਂ ਇਲਾਵਾ ਵਾਈਟ ਜਾਂ ਟੈਨ ਬਕਟ ਹੈਟ ਪਹਿਨੀ ਹੋਈ ਸੀ। ਪੁਲਿਸ ਵੱਲੋਂ ਗਿਆਨੀ ਜ਼ੈਲ ਸਿੰਘ ਸਿੱਧੂ ਵਿਰੁੱਘ ਲੁੱਟ, ਖਤਰਨਾਕ ਤਰੀਕੇ ਨਾਲ ਗੱਡੀ ਚਲਾਉਣ, ਹਾਦਸੇ ਮਗਰੋਂ ਮੌਕੇ 'ਤੇ ਮੌਜੂਦ ਰਹਿਣ ਵਿਚ ਅਸਫਲ ਰਹਿਣ ਅਤੇ ਅਪਰਾਧ ਰਾਹੀਂ ਹਾਸਲ 5 ਹਜ਼ਾਰ ਡਾਲਰ ਤੋਂ ਵੱਧ ਮੁੱਲ ਦੀ ਪ੍ਰਾਪਰਟੀ ਰੱਖਣ ਦੇ ਦੋਸ਼ ਲਾਏ ਗਏ ਹਨ। ਪੁਲਸ ਨੇ ਦੱਸਿਆ ਕਿ ਸ਼ੱਕੀ ਨੂੰ ਕਾਰਜੈਕਿੰਗ ਤੋਂ ਪਹਿਲਾਂ ਵੀ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਹ ਜ਼ਮਾਨਤ 'ਤੇ ਰਿਹਾਅ ਹੋਇਆ ਸੀ। ਜਾਂਚਕਰਤਾਵਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਗਿਆਨੀ ਜ਼ੈਲ ਸਿੰਘ ਸਿੱਧੂ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਉਹ ਯਾਰਕ ਰੀਜਨਲ ਪੁਲਸ ਨਾਲ 1866 876 5423 ਐਕਸਟੈਨਸ਼ਨ 6630 'ਤੇ ਸੰਪਰਕ ਕਰੇ। ਗੁਪਤ ਤਰੀਕੇ ਨਾਲ ਜਾਣਕਾਰੀ ਦੇਣ ਲਈ ਕ੍ਰਾਈਮ ਸਟੌਪਰਜ਼ ਨਾਲ 1800 222 ਟਿਪਸ 'ਤੇ ਕਾਲ ਕੀਤੀ ਜਾ ਸਕਦੀ ਹੈ।

## ਵਿਨੇਸ਼ ਫੋਗਾਟ ਨੇ ਕੀਤਾ ਸੰਨਿਆਸ ਦਾ ਐਲਾਨ

### ਕਿਹਾ- 'ਮਾਂ ਕੁਸ਼ਤੀ ਮੇਰੇ ਤੋਂ ਜਿੱਤ ਗਈ ਤੇ ਮੈਂ ਹਾਰ ਗਈ'



ਨਵੀਂ ਦਿੱਲੀ (ਪੰਜਾਬ ਸਟਾਰ ਬਿਊਰੋ): ਸਭ ਨੂੰ ਹੈਰਾਨ ਕਰਦੇ ਹੋਏ ਪਹਿਲਵਾਨ ਵਿਨੇਸ਼ ਫੋਗਾਟ ਨੇ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਸਾਰਿਆਂ ਦੇ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਾਰਿਆਂ ਦੇ ਰਿਣੀ ਰਹਿਣਗੇ। ਇੱਕ ਭਾਵੁਕ ਸੋਸ਼ਲ ਮੀਡੀਆ ਪੋਸਟ ਵਿੱਚ ਆਪਣੀ ਮਾਂ ਨੂੰ ਯਾਦ ਕਰਦੇ ਹੋਏ, ਉਸਨੇ ਲਿਖਿਆ ਕਿ ਉਸਦਾ ਹੌਂਸਲਾ ਟੁੱਟ ਗਿਆ ਹੈ। ਇਸ ਤੋਂ ਪਹਿਲਾਂ ਪਹਿਲਵਾਨ ਵਿਨੇਸ਼ ਨੇ ਖੇਡ ਆਰਬਿਟਰੇਸ਼ਨ ਨੂੰ ਸਾਂਝੇ ਤੌਰ 'ਤੇ ਓਲੰਪਿਕ ਚਾਂਦੀ ਦਾ ਤਗਮਾ ਦੇਣ ਦੀ ਅਪੀਲ ਕੀਤੀ ਸੀ। ਉਸ ਦੀ ਅਪੀਲ 'ਤੇ ਅੱਜ ਫੈਸਲਾ ਆਉਣ ਦੀ ਉਮੀਦ ਹੈ। ਹਾਲਾਂਕਿ ਇਸ ਫੈਸਲੇ ਤੋਂ ਪਹਿਲਾਂ ਹੀ ਵਿਨੇਸ਼ ਫੋਗਾਟ ਨੇ ਸੰਨਿਆਸ ਦਾ ਐਲਾਨ ਕਰਕੇ ਆਪਣੇ ਲੱਖਾਂ ਪ੍ਰਸ਼ੰਸਕਾਂ ਨੂੰ ਹੈਰਾਨ ਕਰ ਦਿੱਤਾ ਸੀ। ਆਪਣੇ 24 ਸਾਲ ਦੇ ਕਰੀਅਰ ਦਾ ਜ਼ਿਕਰ ਕਰਦੇ ਹੋਏ ਪਹਿਲਵਾਨ ਵਿਨੇਸ਼ ਫੋਗਾਟ ਨੇ ਆਪਣੇ ਐਕਸ ਹੈਂਡਲ 'ਤੇ ਲਿਖਿਆ - 'ਅਲਵਿਦਾ ਕੁਸ਼ਤੀ 2001-2024।' ਭਾਵੁਕ 29 ਸਾਲਾ ਪਹਿਲਵਾਨ ਵਿਨੇਸ਼ ਨੇ ਆਪਣੀ ਮਾਂ ਨੂੰ ਯਾਦ ਕਰਦਿਆਂ ਉਸ ਤੋਂ ਮੁਆਫੀ ਮੰਗੀ ਅਤੇ ਲਿਖਿਆ, 'ਮਾਂ, ਕੁਸ਼ਤੀ ਮੇਰੇ ਤੋਂ ਜਿੱਤ ਗਈ, ਮੈਂ ਹਾਰ ਗਈ। ਮੈਨੂੰ ਮਾਫ਼ ਕਰਨਾ। ਤੁਹਾਡਾ ਸੁਪਨਾ, ਮੇਰਾ ਹੌਂਸਲਾ ਟੁੱਟ ਗਿਆ। ਮੇਰੇ ਕੋਲ ਹੁਣ ਇਸ ਤੋਂ ਵੱਧ ਤਾਕਤ ਨਹੀਂ ਹੈ।

ਦੱਸ ਦੇਈਏ ਕਿ ਵਿਨੇਸ਼ ਨੇ ਸੈਮੀਫਾਈਨਲ ਮੈਚ ਆਪਣੀ ਵਿਰੋਧੀ ਖਿਡਾਰਨ ਨੂੰ 5-0 ਦੇ ਫਰਕ ਨਾਲ ਜਿੱਤਿਆ ਸੀ ਅਤੇ ਓਲੰਪਿਕ ਫਾਈਨਲ ਲਈ ਕੁਆਲੀਫਾਈ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਪਹਿਲਵਾਨ ਸੀ। ਹਾਲਾਂਕਿ, ਸਿਰਫ 100 ਗ੍ਰਾਮ ਜ਼ਿਆਦਾ ਭਾਰ ਹੋਣ ਕਾਰਨ ਉਸ ਨੂੰ ਫਾਈਨਲ ਮੈਚ ਤੋਂ ਅਯੋਗ ਕਰਾਰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਉਸਨੇ ਖੇਡ ਲਈ ਆਰਬਿਟਰੇਸ਼ਨ (ਸੀਏਐਸ) ਕੋਰਟ ਵਿੱਚ ਅਪੀਲ ਕੀਤੀ। ਉਸ ਨੇ ਇਸ ਈਵੈਂਟ ਲਈ ਸਿਲਵਰ ਮੈਡਲ ਦੇਣ ਦੀ ਗੱਲ ਕਹੀ ਸੀ।

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਇਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
We specialize in Engine, Transmission, Differential Rebuilt & all kind of Electric work.
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty $550 Installation Include
MICHELIN BFGoodrich DUNLOP GOODYEAR HANKOOK Xceed AEOLUS ROADLUX
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਭਾਰਤੀ ਹਾਕੀ ਟੀਮ ਦਾ ਗੋਲਡ ਮੈਡਲ ਜਿੱਤਣ ਦਾ ਸੁਪਨਾ ਟੁੱਟਿਆ

## ਸੈਮੀਫਾਈਨਲ ਮੈਚ 'ਚ ਜਰਮਨੀ ਨੇ 3-2 ਨਾਲ ਹਰਾਇਆ




ਪੰਜਾਬ ਸਟਾਰ ਬਿਊਰੋ

ਭਾਰਤੀ ਹਾਕੀ ਟੀਮ ਨੂੰ ਪੈਰਿਸ ਓਲੰਪਿਕ 2024 ਦੇ ਸੈਮੀਫਾਈਨਲ 'ਚ ਜਰਮਨੀ ਤੋਂ 3-2 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਜਰਮਨੀ ਦੇ ਮਾਰਕੋ ਮਿਲਤਕੋ ਨੇ ਆਖਰੀ ਮਿੰਟ 'ਚ ਗੋਲ ਕਰਕੇ ਟੀਮ ਇੰਡੀਆ ਤੋਂ ਜਿੱਤ ਖੋਹ ਲਈ। ਇਕ ਸਮੇਂ ਸਕੋਰ 2-2 ਨਾਲ ਬਰਾਬਰ ਸੀ। ਪਰ ਉਸਦੇ ਗੋਲ ਕਾਰਨ ਭਾਰਤ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਹੁਣ ਹਾਕੀ ਟੀਮ ਕਾਂਸੀ ਦੇ ਤਗਮੇ ਦੇ ਮੁਕਾਬਲੇ ਵਿੱਚ ਸਪੇਨ ਦੀ ਟੀਮ ਨਾਲ ਭਿੜੇਗੀ।

ਭਾਰਤ ਨੂੰ ਮੈਚ ਦੀ ਸ਼ੁਰੂਆਤ 'ਚ ਕਈ ਪੈਨਲਟੀ ਕਾਰਨਰ ਮਿਲੇ, ਪਰ ਭਾਰਤੀ ਟੀਮ ਨੂੰ ਸਫਲਤਾ ਨਹੀਂ ਮਿਲ ਸਕੀ। ਇਸ ਤੋਂ ਬਾਅਦ ਸੱਤਵੇਂ ਮਿੰਟ ਵਿੱਚ ਭਾਰਤੀ ਕਪਤਾਨ ਹਰਮਪ੍ਰੀਤ ਸਿੰਘ ਨੇ ਕੋਈ ਗਲਤੀ ਨਹੀਂ ਕੀਤੀ ਅਤੇ ਪੈਨਲਟੀ ਕਾਰਨਰ ਤੋਂ ਜ਼ਬਰਦਸਤ ਅੰਦਾਜ਼ ਵਿੱਚ ਗੋਲ ਕੀਤਾ। ਫਿਰ ਭਾਰਤੀ ਹਾਕੀ ਟੀਮ ਨੇ ਪਹਿਲੇ ਕੁਆਰਟਰ ਵਿੱਚ 1-0 ਦੀ ਬੜ੍ਹਤ ਬਣਾਈ ਰੱਖੀ।

ਦੂਜੇ ਕੁਆਰਟਰ ਦੀ ਸ਼ੁਰੂਆਤ ਵਿੱਚ ਜਰਮਨੀ ਲਈ ਗੋਂਜ਼ਾਲੋ ਪੇਲੇਟ ਨੇ ਗੋਲ ਕਰਕੇ ਮੈਚ ਵਿੱਚ ਸਕੋਰ 1-1 ਕਰ ਦਿੱਤਾ। ਗੋਂਜਾਲੋ ਨੇ 18ਵੇਂ ਮਿੰਟ ਵਿੱਚ ਗੋਲ ਕਰਕੇ ਟੀਮ ਨੂੰ ਬਰਾਬਰੀ ਦਿਵਾਈ। ਇਸ ਤੋਂ ਥੋੜ੍ਹੀ ਦੇਰ ਬਾਅਦ 27ਵੇਂ ਮਿੰਟ ਵਿੱਚ ਕ੍ਰਿਸਟੋਫਰ ਰੂਡ ਨੇ ਜਰਮਨੀ ਲਈ ਗੋਲ ਕਰ ਦਿੱਤਾ। ਇਸ ਨਾਲ ਜਰਮਨੀ ਨੇ ਮੈਚ ਵਿੱਚ 2-1 ਦੀ ਬੜ੍ਹਤ ਬਣਾ ਲਈ। ਦੂਜਾ ਕੁਆਟਰ ਪੂਰੀ ਤਰ੍ਹਾਂ ਜਰਮਨੀ ਦੇ ਨਾਂ ਰਿਹਾ। ਭਾਰਤੀ ਖਿਡਾਰੀਆਂ ਨੇ ਗੋਲ ਕਰਨ ਦੇ ਕਈ ਮੌਕੇ ਬਣਾਏ। ਪਰ ਗੋਲ ਨਹੀਂ ਹੋ ਸਕਿਆ।

ਤੀਜੇ ਕੁਆਰਟਰ ਵਿੱਚ ਭਾਰਤੀ ਹਾਕੀ ਟੀਮ ਨੇ ਹਮਲਾਵਰ ਖੇਡ ਦਾ ਪ੍ਰਦਰਸ਼ਨ ਕੀਤਾ ਅਤੇ ਜਰਮਨ ਡਿਫੈਂਸ ਨੂੰ ਲਗਾਤਾਰ ਘੇਰਨ ਦੀ ਕੋਸ਼ਿਸ਼ ਕੀਤੀ। ਸਾਰੇ ਖਿਡਾਰੀ ਇਕਜੁੱਟ ਹੋ ਕੇ ਖੇਡੇ। ਸਾਰੇ ਭਾਰਤੀ ਖਿਡਾਰੀ ਚਾਹੁੰਦੇ ਸਨ ਕਿ ਟੀਮ ਕਿਸੇ ਤਰ੍ਹਾਂ ਸਕੋਰ ਬਰਾਬਰ ਕਰ ਲਵੇ। ਇਸ ਤੋਂ ਬਾਅਦ ਸੁਖਜੀਤ ਸਿੰਘ ਨੇ 36ਵੇਂ ਮਿੰਟ ਵਿੱਚ ਗੋਲ ਕਰਕੇ ਸਕੋਰ 2-2 ਨਾਲ ਬਰਾਬਰ ਕਰ ਦਿੱਤਾ। ਇਸ ਕੁਆਰਟਰ 'ਚ ਭਾਰਤੀ ਟੀਮ ਜਰਮਨ ਟੀਮ 'ਤੇ ਹਾਵੀ ਰਹੀ ਅਤੇ ਵਿਰੋਧੀ ਟੀਮ ਨੂੰ ਇਕ ਵੀ ਮੌਕਾ ਨਹੀਂ ਦਿੱਤਾ। ਭਾਰਤੀ ਟੀਮ ਨੇ ਚੌਥੇ ਕੁਆਰਟਰ ਦੀ ਸਮਾਪਤੀ ਤੋਂ ਕੁਝ ਮਿੰਟ ਪਹਿਲਾਂ ਹੀ ਗੋਲ ਸਵੀਕਾਰ ਕਰ ਲਿਆ। ਜਰਮਨੀ ਲਈ ਮਾਰਕੋ ਮਿਲਟਕੋ ਨੇ 54ਵੇਂ ਮਿੰਟ ਵਿੱਚ ਗੋਲ ਕੀਤਾ। ਇਸ ਕਾਰਨ ਇਕ ਵਾਰ ਫਿਰ ਲੀਡ ਜਰਮਨੀ ਦੇ ਹਿੱਸੇ ਗਈ ਅਤੇ ਜਰਮਨੀ ਨੇ ਇਹ ਮੈਚ 3-2 ਨਾਲ ਜਿੱਤ ਲਿਆ।

# ਗਰੇਟਰ ਟੋਰਾਂਟੋ ਏਰੀਆ 'ਚ ਮਕਾਨਾਂ ਦੀ ਵਿਕਰੀ ਵਧੀ

## ਵਿਕਣ ਲਈ ਸੂਚੀਬੱਧ ਮਕਾਨਾਂ ਦੀ ਗਿਣਤੀ 16 ਹਜ਼ਾਰ ਤੋਂ ਟੱਪੀ




ਟੋਰਾਂਟੋ : ਗਰੇਟਰ ਟੋਰਾਂਟੋ ਏਰੀਆ ਵਿਚ ਜੁਲਾਈ ਮਹੀਨੇ ਦੌਰਾਨ ਮਕਾਨਾਂ ਦੀ ਵਿਕਰੀ ਵਿਚ ਵਾਧਾ ਹੋਇਆ ਹੈ ਅਤੇ ਵਿਕਰੀ ਲਈ ਸੂਚੀਬੱਧ ਹੋਏ ਮਕਾਨਾਂ ਦੀ ਗਿਣਤੀ 18.5 ਫੀ ਸਦੀ ਵਾਧੇ ਨਾਲ 16 ਹਜ਼ਾਰ ਤੋਂ ਟੱਪ ਗਈ। ਟੋਰਾਂਟੋ ਰੀਜਨਲ ਰੀਅਲ ਅਸਟੇਟ ਬੋਰਡ ਨੇ ਦੱਸਿਆ ਕਿ ਜੁਲਾਈ ਮਹੀਨੇ ਦੌਰਾਨ 5,391 ਮਕਾਨ ਵਿਕੇ ਜੋ ਪਿਛਲੇ ਸਾਲ ਦੇ ਮੁਕਾਬਲੇ 3.3 ਫੀ ਸਦੀ ਵੱਧ ਬਣਦੇ ਹਨ। ਜੂਨ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਮਕਾਨਾਂ ਦੀ ਵਿਕਰੀ 1.7 ਫੀ ਸਦੀ ਘਟਦੀ ਨਜ਼ਰ ਆਉਂਦੀ ਹੈ।

ਕੀਮਤਾਂ ਦਾ ਜ਼ਿਕਰ ਕੀਤਾ ਜਾਵੇ ਤਾਂ ਇਕ ਮਕਾਨ ਦੀ ਔਸਤ ਕੀਮਤ ਮਾਮੂਲੀ ਗਿਰਾਵਟ ਨਾਲ 11 ਲੱਖ 6 ਹਜ਼ਾਰ ਡਾਲਰ ਦਰਜ ਕੀਤੀ ਗਈ।

ਟੋਰਾਂਟੋ ਰੀਜਨਲ ਰੀਅਲ ਅਸਟੇਟ ਬੋਰਡ ਦੀ ਪ੍ਰਧਾਨ ਜੈਨੀਫਰ ਪਿਅਰਸ ਦਾ ਕਹਿਣਾ ਸੀ ਕਿ ਪਿਛਲੇ ਸਾਲ ਦੇ ਮੁਕਾਬਲੇ ਵਿਕਰੀ ਵਿਚ ਵਾਧਾ ਉਤਸ਼ਾਹ ਵਧਾਉਣ ਦਾ ਕੰਮ ਕਰਦਾ ਹੈ ਅਤੇ ਵਿਆਜ ਦਰਾਂ ਹੋਰ ਹੇਠਾਂ ਦੇ ਸੰਕੇਤਾਂ ਨਾਲ ਲੋਕ ਰੀਅਲ ਅਸਟੇਟ ਬਾਜ਼ਾਰ ਵਿਚ ਦਿਲਚਸਪੀ ਲੈ ਰਹੇ ਹਨ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਭਵਿੱਖ ਵਿਚ ਵਿਆਜ ਦਰਾਂ ਹੋਰ ਹੇਠਾਂ ਜਾਣਗੀਆਂ ਅਤੇ ਲੋਕਾਂ ਵਿਚ ਜਾਇਦਾਦ ਦੀ ਖਰੀਦ ਪ੍ਰਤੀ ਦਿਲਚਸਪੀ ਵਧੇਗੀ। ਇਥੇ ਦਸਣਾ ਬਣਦਾ ਹੈ ਕਿ ਜੁਲਾਈ ਮਹੀਨੇ ਦੌਰਾਨ ਜੀ.ਟੀ.ਏ. ਵਿਚ ਇਕ ਡਿਟੈਚਡ ਮਕਾਨ ਦੀ ਔਸਤ ਕੀਮਤ 14 ਲੱਖ 26 ਹਜ਼ਾਰ ਡਾਲਰ ਦਰਜ ਕੀਤੀ ਗਈ ਜਦਕਿ ਕੌਂਡੋ ਦੀ ਔਸਤ ਕੀਮਤ 7 ਲੱਖ 18 ਹਜ਼ਾਰ ਡਾਲਰ ਰਹੀ।

### ਟਰੰਪ ਲਈ ਵੱਡਾ ਝਟਕਾ

# ਕਮਲਾ ਹੈਰਿਸ ਨੇ ਨਵੇਂ ਸਰਵੇਖਣ 'ਚ ਸਭ ਤੋਂ ਅੱਗੇ ਟਰੰਪ ਦੇ ਖਿਲਾਫ਼ ਲਈ ਮਜ਼ਬੂਤੀ




ਵਾਸ਼ਿੰਗਟਨ : ਤਾਜ਼ਾ ਸਰਵੇਖਣ ਵਿੱਚ ਕਮਲਾ ਹੈਰਿਸ ਸਭ ਤੋਂ ਅੱਗੇ ਹੈ। ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਕਮਲਾ ਹੈਰਿਸ ਦਾ ਹਮਲਾ ਜਾਰੀ ਹੈ। ਪਾਰਟੀ ਨੇ ਹਾਲ ਹੀ ਵਿੱਚ ਕਮਲਾ ਹੈਰਿਸ, ਜੋ ਕਿ ਬਿਡੇਨ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਹਟਣ ਤੋਂ ਬਾਅਦ ਡੈਮੋਕਰੇਟਿਕ ਪਾਰਟੀ ਦੀ ਦੌੜ ਵਿੱਚ ਹੈ, ਨੂੰ ਆਪਣੇ ਉਮੀਦਵਾਰ ਵਜੋਂ ਘੋਸ਼ਿਤ ਕੀਤਾ ਹੈ। ਭਾਰਤੀ ਮੂਲ ਦੀ ਕਮਲਾ ਹੈਰਿਸ ਦੇ ਰਿੰਗ ਵਿੱਚ ਦਾਖਲ ਹੋਣ ਤੋਂ ਬਾਅਦ. ਇਸ ਕ੍ਰਮ ਵਿੱਚ, ਇਹ ਹੋਰ ਦਿਲਚਸਪ ਹੋ ਗਿਆ ਹੈ ਕਿ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ, ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਤੋਂ ਅੱਗੇ ਹੈ। ਅਮਰੀਕਾ ਦੀਆਂ ਕਈ ਸੰਸਥਾਵਾਂ ਦੇਸ਼ ਦੀਆਂ ਰਾਸ਼ਟਰਪਤੀ ਚੋਣਾਂ ਨੂੰ ਲੈ ਕੇ ਸਰਵੇਖਣ ਕਰ ਰਹੀਆਂ ਹਨ। ਕਿਹਾ ਜਾ ਰਿਹਾ ਹੈ ਕਿ ਕੁਝ ਰਾਜਾਂ 'ਚ ਦੋਵਾਂ ਵਿਚਾਲੇ ਟਕਰਾਅ ਜਾਰੀ ਰਹੇਗਾ। ਜਿਵੇਂ ਕਿ ਇਸ ਸਾਲ 5 ਨਵੰਬਰ ਨੂੰ ਅਮਰੀਕੀ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ, ਟਰੰਪ ਅਤੇ ਕਮਲਾ ਹੈਰਿਸ ਜਿੱਤਣ ਲਈ ਜ਼ੋਰ-ਸ਼ੋਰ ਨਾਲ ਚੱਲ ਰਹੇ ਹਨ।

ਅਤੇ। ਕਮਲਾ ਹੈਰਿਸ ਤਾਜ਼ਾ ਸਰਵੇਖਣ ਵਿੱਚ ਟਰੰਪ ਤੋਂ ਅੱਗੇ ਹੈ। ਇਸ ਸਮੇਂ ਪੂਰੀ ਦੁਨੀਆ ਦਾ ਧਿਆਨ ਅਮਰੀਕੀ ਰਾਸ਼ਟਰਪਤੀ ਚੋਣਾਂ 'ਤੇ ਹੈ। ਅਮਰੀਕੀ ਰਾਸ਼ਟਰਪਤੀ ਚੋਣਾਂ ਦੀ ਲੜਾਈ ਦਿਨੋ ਦਿਨ ਹੋਰ ਤਿੱਖੀ ਹੁੰਦੀ ਜਾ ਰਹੀ ਹੈ। ਹੁਣ ਤੱਕ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਅੱਗੇ ਚੱਲ ਰਹੇ ਹਨ। ਡੈਮੋਕ੍ਰੇਟਿਕ ਪਾਰਟੀ ਦੀ ਤਰਫੋਂ ਕਮਲਾ ਹੈਰਿਸ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਵਿੱਚ ਸ਼ਾਮਲ ਹੋਣ ਤੋਂ ਬਾਅਦ ਸਥਿਤੀ ਪੂਰੀ ਤਰ੍ਹਾਂ ਬਦਲ ਰਹੀ ਹੈ। ਮੌਜੂਦਾ ਰਾਸ਼ਟਰਪਤੀ ਜੋ ਬਿਡੇਨ ਦਾ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰੀ ਤੋਂ ਹਟਣਾ ਅਮਰੀਕੀ ਰਾਜਨੀਤੀ ਵਿੱਚ ਇੱਕ ਨਵਾਂ ਮੋੜ ਆ ਗਿਆ ਹੈ। ਉਸ ਤੋਂ ਬਾਅਦ ਕਮਲਾ ਹੈਰਿਸ, ਜੋ ਮੌਜੂਦਾ ਉਪ -ਰਾਸ਼ਟਰਪਤੀ ਹਨ। ਅਤੇ ਰਾਸ਼ਟਰਪਤੀ ਦੀ ਦੌੜ ਵਿੱਚ ਕੁੱਦ ਪਈ। ਇਸ ਕ੍ਰਮ ਵਿੱਚ ਕਮਲਾ ਹੈਰਿਸ, ਜੋ ਪਿਛਲੇ ਕੁਝ ਦਿਨਾਂ ਤੋਂ ਕਰਵਾਏ ਜਾ ਰਹੇ ਸਰਵੇਖਣਾਂ ਵਿੱਚ ਹਾਲ ਹੀ ਵਿੱਚ ਉਸ ਨੂੰ ਪਛਾੜ ਦਿੱਤਾ ਹੈ। ਕਮਲਾ ਹੈਰਿਸ ਨੇ ਤਾਜ਼ਾ ਚੋਣ ਸਰਵੇਖਣ ਵਿੱਚ ਟਰੰਪ ਨੂੰ ਪਿੱਛੇ ਧੱਕ ਦਿੱਤਾ ਹੈ। ਸੀਬੀਐਸ ਨਿਊਜ਼/ਯੂ.ਗਵਰਨਰ ਦੁਆਰਾ ਜਾਰੀ ਕੀਤੇ ਗਏ ਇਕ ਚੋਣ

ਮੌਜੂਦਾ ਰਾਸ਼ਟਰਪਤੀ ਜੋ ਬਿਡੇਨ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਬਾਹਰ ਹੋਣ ਤੋਂ ਬਾਅਦ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਜਿੱਤਣ ਦੀਆਂ ਸੰਭਾਵਨਾਵਾਂ ਵਿੱਚ ਸੁਧਾਰ ਹੋਇਆ ਹੈ। ਹੁਣ ਇਹ ਡੈਮੋਕ੍ਰੇਟਿਕ ਪਾਰਟੀ ਲਈ ਰੈਲੀ ਪੁਆਇੰਟ ਬਣ ਗਿਆ ਹੈ। ਕਮਲਾ ਹੈਰਿਸ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਵਿੱਚ ਸ਼ਾਮਲ ਹੋਣ ਤੋਂ ਬਾਅਦ ਡੈਮੋਕ੍ਰੇਟਿਕ ਪਾਰਟੀ ਨੂੰ ਭਾਰੀ ਮਾਤਰਾ ਵਿਚ ਦਾਨ ਦਾ ਖੁੱਲਾ ਪ੍ਰਵਾਹ ਚੱਲ ਰਿਹਾ ਹੈ। ਕਮਲਾ ਹੈਰਿਸ ਦੁਆਰਾ ਆਯੋਜਿਤ ਆਨਲਾਈਨ ਮੀਟਿੰਗਾਂ ਵਿੱਚ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੁੰਦੇ ਹਨ। ਲੱਗਦਾ ਹੈ ਕਿ ਕਮਲਾ ਹੈਰਿਸ ਜਲਦ ਹੀ ਆਪਣੇ ਰਨਿੰਗ ਸਾਥੀ ਦਾ ਐਲਾਨ ਕਰੇਗੀ। ਦੂਜੇ ਪਾਸੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ ਨੇ ਵੀ ਕਮਲਾ ਹੈਰਿਸ ਦਾ ਸਮਰਥਨ ਕੀਤਾ ਹੈ। ਜਿੰਮੀ ਕਾਰਟਰ ਦੇ ਪੋਤੇ ਜੇਸਨ ਨੇ ਹਾਲ ਹੀ 'ਚ ਇਸ ਗੱਲ ਦਾ ਖੁਲਾਸਾ ਕੀਤਾ ਹੈ। ਜਿੰਮੀ ਕਾਰਟਰ ਨੇ 1977-81 ਤੱਕ ਸੰਯੁਕਤ ਰਾਜ ਦੇ ਰਾਸ਼ਟਰਪਤੀ ਵਜੋਂ ਸੇਵਾ ਕੀਤੀ।












ਪੰਜਾਬ ਸਟਾਰ
www.punjabstar.com

# ਅਮਰੀਕਾ : ਭਾਰਤੀ-ਗੁਜਰਾਤੀ ਧਰਮੇਨ ਪਟੇਲ ਡਰੱਗ ਤਸਕਰੀ ਮਾਮਲੇ 'ਚ ਗ੍ਰਿਫ਼ਤਾਰ



ਨਿਊਯਾਰਕ (ਪੰਜਾਬ ਸਟਾਰ ਬਿਊਰੋ): ਫਲੋਰੀਡਾ ਰਾਜ ਦੇ ਕਾਨੂੰਨ ਤਹਿਤ ਨਸ਼ੀਲੇ ਪਦਾਰਥਾਂ ਦੀ ਤਸ਼ਕਰੀ ਦਾ ਦੋਸ਼ ਪਹਿਲੀ ਡਿਗਰੀ ਦਾ ਸ਼ੰਗੀਨ ਦੋਸ਼ ਮੰਨਿਆ ਜਾਂਦਾ ਹੈ। ਜਿਸ ਵਿੱਚ ਦੋਸ਼ ਸਾਬਤ ਹੋਣ 'ਤੇ 3 ਤੋਂ 25 ਸਾਲ ਤੱਕ ਦੀ ਜੇਲ੍ਹ ਹੋ ਸਕਦੀ ਹੈ। ਫਲੋਰੀਡਾ ਰਾਜ ਦੀ ਪੁਲਸ ਵੱਲੋਂ ਇਕ ਭਾਰਤੀ-ਗੁਜਰਾਤੀ ਧਰਮੇਨ ਪਟੇਲ ਨਾਮੀਂ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਜਿਸ ਨੇ ਇੱਕ ਵਾਹਨ 'ਤੇ ਗੋਲੀਬਾਰੀ ਕੀਤੀ ਸੀ ਅਤੇ ਜਦੋਂ ਉਸ ਦੀ ਤਲਾਸ਼ੀ ਲਈ ਗਈ ਤਾਂ ਉਸ ਦੀ ਇੱਕ ਜੇਬ ਵਿੱਚੋਂ ਇੱਕ ਗ੍ਰਾਮ ਕੋਕੀਨ ਅਤੇ ਦੂਜੀ ਵਿੱਚੋ ਗੋਲਾ ਬਾਰੂਦ ਮਿਲਿਆ।

ਬਾਅਦ ਵਿੱਚ ਪੁਲਸ ਨੇ ਧਰਮਨ ਪਟੇਲ ਦੀ ਕਾਰ ਦੀ ਵੀ ਜਾਂਚ ਸ਼ੁਰੂ ਕੀਤੀ, ਜਿਸ ਵਿੱਚ ਮੈਗਜ਼ੀਨ ਦੇ ਗਾਇਬ ਕੁਝ ਰਾਊਂਡ ਸਮੇਤ ਇੱਕ ਲੋਡਡ ਪਿਸਤੌਲ ਮਿਲਿਆ। ਇਸ ਤੋਂ ਇਲਾਵਾ ਪੁਲਸ ਨੂੰ ਧਰਮਨ ਪਟੇਲ ਦੀ ਕਾਰ ਵਿੱਚੋਂ 380 ਗ੍ਰਾਮ ਕੋਕੀਨ ਅਤੇ 8 ਹਜ਼ਾਰ ਡਾਲਰ ਦੀ ਨਕਦੀ ਵੀ ਬਰਾਮਦ ਹੋਈ।ਅਮਰੀਕੀ ਮੀਡੀਆ ਰਿਪੋਰਟਾਂ ਅਨੁਸਾਰ ਧਰਮੇਨ ਪਟੇਲ ਨੇ ਪੁਲਸ ਕੋਲ ਕਬੂਲ ਕੀਤਾ ਹੈ ਕਿ ਕੋਕੀਨ ਅਤੇ ਪਿਸਤੌਲ ਉਸ ਦਾ ਹੀ ਸੀ।

ਮੁਲਜ਼ਮ ਤੋਂ ਮਿਲੇ ਸਬੂਤਾਂ ਦੇ ਆਧਾਰ 'ਤੇ ਪੁਲਸ ਨੇ ਉਸ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਮਨੀ ਲਾਂਡਰਿੰਗ ਸਮੇਤ ਕਈ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਲਿਆ।

ਜਦੋਂ ਧਰਮੇਨ ਪਟੇਲ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਜੱਜ ਜੋਨਾਥਨ ਰਾਮਸੇ ਨੇ 3.60 ਮਿਲੀਅਨ ਡਾਲਰ ਦਾ ਬਾਂਡ ਤੈਅ ਕੀਤਾ, ਜੋ ਇਹ ਦਰਸਾਉਂਦਾ ਹੈ ਕਿ ਧਰਮਨ ਪਟੇਲ ਵਿਰੁੱਧ ਦੋਸ਼ ਬਹੁਤ ਗੰਭੀਰ ਹਨ। ਬੀਤੇਂ ਦਿਨ 7 ਅਗਸਤ ਦੇ ਅਲਾਚੁਆ ਕਾਉਂਟੀ ਜੇਲ੍ਹ ਦੇ ਰਿਕਾਰਡ ਅਨੁਸਾਰ ਧਰਮੇਨ ਪਟੇਲ ਨੂੰ 6 ਅਗਸਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਹ ਅਲਾਚੁਆ ਕਾਉਂਟੀ ਦੀ ਜੇਲ੍ਹ ਵਿੱਚ ਨਜਰਬੰਦ ਹੈ। ਇਸ ਤੋਂ ਇਲਾਵਾ ਫਲੋਰੀਡਾ ਰਾਜ ਵਿੱਚ 28 ਗ੍ਰਾਮ ਤੋਂ ਵੱਧ ਕੋਕੀਨ ਦੇ ਕਬਜ਼ੇ ਵਿੱਚ ਪਾਏ ਗਏ ਇੱਕ ਵਿਅਕਤੀ ਨੂੰ ਤੀਜੀ-ਡਿਗਰੀ ਦੇ ਅਪਰਾਧ ਦਾ ਦੋਸ਼ੀ ਮੰਨਿਆ ਜਾਂਦਾ ਹੈ, ਜਿਸ ਵਿੱਚ ਪੰਜ ਸਾਲ ਤੱਕ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਪੁਲਸ ਨੇ 47 ਸਾਲਾ ਧਰਮੇਨ ਪਟੇਲ 'ਤੇ ਅਪਰਾਧ ਕਰਦੇ ਸਮੇਂ ਹਥਿਆਰ ਰੱਖਣ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਮਨੀ ਲਾਂਡਰਿੰਗ ਲਈ ਕਾਰ ਦੀ ਵਰਤੋਂ ਕਰਨ ਦੇ ਦੋਸ਼ ਲਗਾਏ ਹਨ।

# ਬੰਗਲਾਦੇਸ਼ 'ਚ 400 ਪੁਲਿਸ ਥਾਣਿਆਂ 'ਚ ਭੰਨਤੋੜ

## 50 ਪੁਲਿਸ ਮੁਲਾਜ਼ਮਾਂ ਦੇ ਮਾਰੇ ਜਾਣ ਦਾ ਖ਼ਦਸ਼ਾ




ਢਾਕਾ (ਪੰਜਾਬ ਸਟਾਰ ਬਿਊਰੋ): ਅਸ਼ਾਂਤ ਬੰਗਲਾਦੇਸ਼ 'ਚ ਸੱਤਾ ਪਰਿਵਰਤਨ ਕਾਰਨ ਕਾਨੂੰਨ ਵਿਵਸਥਾ ਅਤੇ ਪੁਲਸ ਵਿਵਸਥਾ ਪੂਰੀ ਤਰ੍ਹਾਂ ਟੁੱਟ ਗਈ ਹੈ। ਪਿਛਲੇ ਦੋ ਦਿਨਾਂ ਵਿੱਚ ਹਿੰਸਕ ਭੀੜ ਨੇ ਲਗਭਗ 400 ਪੁਲਸ ਸਟੇਸ਼ਨਾਂ 'ਤੇ ਹਮਲਾ ਕੀਤਾ ਹੈ ਅਤੇ ਘੱਟੋ-ਘੱਟ 50 ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਮਾਰ ਦਿੱਤਾ ਹੈ। ਬੁੱਧਵਾਰ ਨੂੰ ਮੀਡੀਆ ਰਿਪੋਰਟਾਂ 'ਚ ਇਹ ਗੱਲ ਕਹੀ ਗਈ ਹੈ। ਦੇਸ਼ 'ਚ ਚੱਲ ਰਹੀ ਸਿਆਸੀ ਉਥਲ-ਪੁਥਲ ਦੌਰਾਨ ਜ਼ਿਆਦਾਤਰ ਪੁਲਸ ਮੁਲਾਜ਼ਮਾਂ ਨੇ ਸੁਰੱਖਿਅਤ ਥਾਵਾਂ 'ਤੇ ਸ਼ਰਨ ਲਈ ਹੈ। ਜਿਸ ਕਾਰਨ ਦੇਸ਼ ਦੇ ਕਈ ਥਾਣਿਆਂ ਵਿੱਚ ਇੱਕ ਵੀ ਪੁਲਸ ਮੁਲਾਜ਼ਮ ਨਹੀਂ ਹੈ।

'ਢਾਕਾ ਟ੍ਰਿਬਿਊਨ' ਦੀ ਰਿਪੋਰਟ ਅਨੁਸਾਰ ਪਿਛਲੀ ਅਵਾਮੀ ਲੀਗ ਸਰਕਾਰ ਦੇ ਕਰੀਬੀ ਮੰਨੇ ਜਾਂਦੇ ਬਹੁਤੇ ਸੀਨੀਅਰ ਅਧਿਕਾਰੀ ਰੂਪੋਸ਼ ਹੋ ਗਏ ਹਨ। ਮੀਡੀਆ ਰਿਪੋਰਟਾਂ ਅਨੁਸਾਰ ਲਗਭਗ 400 ਪੁਲਸ ਸਟੇਸ਼ਨਾਂ ਨੂੰ ਹਿੰਸਕ ਭੀੜ ਦੇ ਹਮਲਿਆਂ ਦਾ ਸਾਹਮਣਾ ਕਰਨਾ ਪਿਆ। ਜਿਸ ਵਿੱਚ ਹਥਿਆਰ ਅਤੇ ਗੋਲਾ ਬਾਰੂਦ ਲੁੱਟਿਆ ਗਿਆ ਅਤੇ ਇਮਾਰਤਾਂ ਨੂੰ ਅੱਗ ਲਗਾ ਦਿੱਤੀ ਗਈ। ਮੀਡੀਆ ਰਿਪੋਰਟਾਂ ਦੱਸਦੀਆਂ ਹਨ ਕਿ ਪੁਲਸ ਥਾਣਿਆਂ 'ਤੇ ਹਮਲੇ ਸੋਮਵਾਰ ਦੁਪਹਿਰ ਤੋਂ ਸ਼ੁਰੂ ਹੋ ਕੇ ਰਾਤ ਤੱਕ ਬੱਡਾ, ਜਾਤਰਬਾੜੀ, ਵਟਾਰਾ, ਅਬਾਦੋਰ, ਮੀਰਪੁਰ, ਉੱਤਰ ਪੂਰਬ, ਮੁਹੰਮਦਪੁਰ, ਸ਼ਾਹ ਅਲੀ ਅਤੇ ਪਲਟਨ ਸਮੇਤ ਵੱਖ-ਵੱਖ ਥਾਣਿਆਂ 'ਤੇ ਚੱਲਦੇ ਰਹੇ। ਕਈ ਥਾਵਾਂ 'ਤੇ ਸੁਰੱਖਿਆ ਬਲਾਂ ਅਤੇ ਹਿੰਸਕ ਭੀੜ ਵਿਚਾਲੇ ਝੜਪਾਂ ਹੋਈਆਂ, ਜਿਸ ਕਾਰਨ ਕਈ ਥਾਣਿਆਂ ਨੂੰ ਤਬਾਹ ਕਰ ਦਿੱਤਾ ਗਿਆ। ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਪ੍ਰਦਰਸ਼ਨਕਾਰੀਆਂ ਨੇ ਕੁਰਸੀਆਂ, ਪੱਖੇ, ਮੇਜ਼ ਅਤੇ ਹੋਰ ਸਾਮਾਨ ਚੋਰੀ ਕਰ ਲਿਆ। ਢਾਕਾ ਟ੍ਰਿਬਿਊਨ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ, "ਕੋਈ ਵੀ ਆਪਣੇ ਥਾਣਿਆਂ ਅਤੇ ਦਫ਼ਤਰਾਂ ਵਿੱਚ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ ਹੈ ਕਿਉਂਕਿ ਸੋਮਵਾਰ ਤੋਂ ਸ਼ੁਰੂ ਹੋਏ ਹਿੰਸਕ ਪ੍ਰਦਰਸ਼ਨਾਂ ਅਤੇ ਜਨਤਕ ਰੋਹ ਵਿੱਚ 50 ਤੋਂ ਵੱਧ ਪੁਲਸ ਮੁਲਾਜ਼ਮਾਂ ਨੇ ਆਪਣੀ ਜਾਨ ਗੁਆ ਦਿੱਤੀ ਹੈ।" ਪ੍ਰਤੀਕੂਲ ਹਾਲਤ ਕਾਰਨ ਮੌਤਾਂ ਦੀ ਗਿਣਤੀ ਅਨਿਸ਼ਚਿਤ ਹੈ। ਢਾਕਾ ਦੇ ਬਾਹਰ ਸਥਿਤ ਇੱਕ ਪੁਲਸ ਸੁਪਰਡੈਂਟ ਨੇ ਕਿਹਾ ਕਿ ਵਿਆਪਕ ਤਬਾਹੀ ਕਾਰਨ ਬਹਾਲ ਹੋਣ ਵਿੱਚ ਸਮਾਂ ਲੱਗੇਗਾ। ਉਨ੍ਹਾਂ ਅੱਗੇ ਕਿਹਾ ਕਿ 1971 ਤੋਂ ਬਾਅਦ ਸਾਨੂੰ ਕਦੇ ਵੀ ਅਜਿਹੀ ਸਥਿਤੀ ਦਾ ਸਾਹਮਣਾ ਨਹੀਂ ਕਰਨਾ ਪਿਆ। ਪੁਲਸ ਅਧਿਕਾਰੀਆਂ ਨੇ ਪੁਲਸ ਦੇ ਸਿਆਸੀਕਰਨ 'ਤੇ ਅਸੰਤੁਸ਼ਟੀ ਜ਼ਾਹਰ ਕੀਤੀ ਅਤੇ ਉਨ੍ਹਾਂ ਨੂੰ ਅਮਨ-ਕਾਨੂੰਨ ਦੀ ਵਿਵਸਥਾ ਨੂੰ ਸੁਤੰਤਰ ਤੌਰ 'ਤੇ ਲਾਗੂ ਕਰਨ ਦੀ ਆਪਣੀ ਡਿਊਟੀ ਨਿਭਾਉਣ ਤੋਂ ਰੋਕਿਆ।

# ਬੰਗਲਾਦੇਸ਼ 'ਚ ਹਿੰਸਾ: ਅਵਾਮੀ ਲੀਗ ਦੇ 20 ਆਗੂਆਂ ਦੀਆਂ ਲਾਸ਼ਾਂ ਮਿਲੀਆਂ



ਢਾਕਾ : ਬੰਗਲਾਦੇਸ਼ 'ਚ ਚੱਲ ਰਹੀ ਹਿੰਸਾ ਦੌਰਾਨ ਦੇਸ਼ ਭਰ 'ਚ ਅਵਾਮੀ ਲੀਗ ਦੇ 20 ਆਗੂਆਂ ਸਮੇਤ 29 ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ। ਢਾਕਾ ਟ੍ਰਿਬਿਊਨ ਦੀ ਰਿਪੋਰਟ ਮੁਤਾਬਕ ਇਹ ਮੌਤਾਂ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਅਸਤੀਫੇ ਅਤੇ ਸੋਮਵਾਰ ਨੂੰ ਦੇਸ਼ ਛੱਡਣ ਤੋਂ ਬਾਅਦ ਹੋਈਆਂ ਹਨ। ਹਿੰਸਾ ਪ੍ਰਭਾਵਿਤ ਸਤਖੀਰਾ ਵਿੱਚ ਘੱਟੋ-ਘੱਟ 10 ਲੋਕ ਮਾਰੇ ਗਏ ਸਨ ਅਤੇ ਕੋਮਿਲਾ ਵਿੱਚ ਭੀੜ ਦੇ ਹਮਲਿਆਂ ਵਿੱਚ 11 ਹੋਰ ਲੋਕਾਂ ਦੀ ਮੌਤ ਹੋਈ ਹੈ। ਅਵਾਮੀ ਲੀਗ ਦੇ ਨੇਤਾਵਾਂ ਅਤੇ ਕਾਰਕੁਨਾਂ ਦੇ ਘਰਾਂ ਅਤੇ ਕਾਰੋਬਾਰੀ ਅਦਾਰਿਆਂ ਦੀ ਵਿਆਪਕ ਭੰਨ-ਤੋੜ ਅਤੇ ਲੁੱਟ-ਖਸੁੱਟ ਹੋਈ ਹੈ। ਪੁਲੀਸ ਨੇ ਕਈ ਸ਼ਹਿਰਾਂ ਵਿੱਚ ਅਗਜ਼ਨੀ ਦੀਆਂ ਘਟਨਾਵਾਂ ਦੀ ਵੀ ਰਿਪੋਰਟ ਦਰਜ ਕੀਤੀ ਹੈ।

# ਬੰਗਲਾਦੇਸ਼ 'ਚ ਅਗਲੇ ਹੁਕਮਾਂ ਤੱਕ ਭਾਰਤ ਦੇ ਸਾਰੇ ਵੀਜ਼ਾ ਅਰਜ਼ੀ ਸੈਂਟਰ ਰਹਿਣਗੇ ਬੰਦ



ਚੰਡੀਗੜ੍ਹ (ਪੰਜਾਬ ਸਟਾਰ ਬਿਊਰੋ) : ਬੰਗਲਾਦੇਸ਼ ਵਿੱਚ ਸਾਰੇ ਭਾਰਤੀ ਵੀਜ਼ਾ ਅਰਜ਼ੀ ਕੇਂਦਰ ਅਗਲੇ ਹੁਕਮਾਂ ਤੱਕ ਬੰਦ ਰਹਿਣਗੇ ਸਰਕਾਰੀ ਨੌਕਰੀਆਂ ਵਿੱਚ ਵਿਵਾਦਤ ਰਾਖਵਾਂਕਰਨ ਦੇ ਵਿਰੋਧ ਤੋਂ ਬਾਅਦ ਗੁਆਂਢੀ ਦੇਸ਼ ਵਿੱਚ ਮੌਜੂਦਾ ਅਸ਼ਾਂਤੀ ਦੇ ਮੱਦੇਨਜ਼ਰ ਇਹ ਫੈਸਲਾ ਲਿਆ ਗਿਆ ਹੈ। ਭਾਰਤ ਨੇ ਬੁੱਧਵਾਰ ਨੂੰ ਆਪਣੀ ਅੰਬੈਸੀ ਤੇ ਕੌਂਸੁਲੇਟਾਂ ਤੋਂ ਗੈਰ-ਜ਼ਰੂਰੀ ਸਟਾਫ ਵਾਪਸ ਸੱਦ ਲਿਆ ਸੀ।

# ਬ੍ਰਿਟੇਨ 'ਚ ਮੁਸਲਮਾਨਾਂ ਖ਼ਿਲਾਫ਼ ਸ਼ੁਰੂ ਹੋ ਸਕਦੈ ਹਿੰਸਾ ਦਾ ਨਵਾਂ ਦੌਰ

## ਪ੍ਰਦਰਸ਼ਨਕਾਰੀਆਂ ਨੇ ਚੁਣੀਆਂ 11 ਖ਼ਾਸ ਥਾਵਾਂ



ਵਿਚਕਾਰ 'ਦਿ ਸਨ' ਨੇ ਆਪਣੀ ਰਿਪੋਰਟ ਵਿੱਚ ਦਾਅਵਾ ਕੀਤਾ ਹੈ ਕਿ ਸੱਜੇ ਪੱਖੀ ਸਮੂਹ ਦੇ ਲੋਕ ਫੇਸਬੁੱਕ ਗਰੁੱਪਾਂ ਰਾਹੀਂ 11 ਹੋਰ ਥਾਵਾਂ 'ਤੇ ਦੰਗਿਆਂ ਦੀ ਯੋਜਨਾ ਬਣਾ ਰਹੇ ਹਨ। ਇਹ ਲੋਕ ਪੁਲਸ ਤੋਂ ਬਚਣ ਲਈ ਫੇਸਬੁੱਕ ਗਰੁੱਪ ਦੀ ਵਰਤੋਂ ਕਰ ਰਹੇ ਹਨ। ਇਨ੍ਹਾਂ ਲੋਕਾਂ ਨੇ ਬਾਲੀਮੇਨਾ, ਨਿਊਕੈਸਲ, ਲਿਵਰਪੂਲ, ਸ਼੍ਰੇਅਸਬਰੀ, ਸੈਲਫੋਰਡ, ਟਾਊਨਟਨ, ਬਰਮਿੰਘਮ, ਡੋਵਰ, ਬੋਰਨੇਮਾਊਥ ਅਤੇ ਗਲਾਸਗੋ ਵਿੱਚ ਵਿਰੋਧ ਪ੍ਰਦਰਸ਼ਨ ਅਤੇ ਹਿੰਸਾ ਦੀ ਯੋਜਨਾ ਬਣਾਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇੱਕ ਸੱਜੇ-ਪੱਖੀ ਫੇਸਬੁੱਕ ਸਮੂਹ ਨੇ ਇਸ ਹਫ਼ਤੇ ਦੇ ਅੰਤ ਵਿੱਚ ਯੋਜਨਾਬੱਧ ਪ੍ਰਦਰਸ਼ਨਾਂ ਬਾਰੇ ਜਾਣਕਾਰੀ ਪੋਸਟ ਕੀਤੀ ਹੈ।

ਬ੍ਰਿਟੇਨ ਵਿੱਚ ਹਿੰਸਾ ਨੂੰ ਹੋਰ ਵਧਾਉਂਦੇ ਹੋਏ, ਇਨ੍ਹਾਂ ਲੋਕਾਂ ਦੀ ਯੋਜਨਾ ਨਵੇਂ ਇੰਗਲਿਸ਼ ਫੁੱਟਬਾਲ ਸੀਜ਼ਨ ਦੇ ਸ਼ੁਰੂਆਤੀ ਗੇਮਵੀਕ 'ਤੇ ਹਫੜਾ-ਦਫੜੀ ਮਚਾਉਣ ਦੀ ਹੈ। ਉਹ ਕਸਬੇ ਦੇ ਫਲਾਵਰ ਸ਼ੋਅ ਦੌਰਾਨ ਸ਼ਰਿਊਜ਼ਬਰੀ ਨੂੰ ਵੀ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਹੇ ਹਨ। ਇਸ ਦੀ ਸ਼ੁਰੂਆਤ ਸ਼ੁੱਕਰਵਾਰ ਸ਼ਾਮ ਨੂੰ ਉੱਤਰੀ ਆਇਰਲੈਂਡ ਦੇ ਬਾਲੀਮੇਨਾ ਵਿੱਚ ਇੱਕ ਇਕੱਠ ਅਤੇ ਪ੍ਰਦਰਸ਼ਨ ਨਾਲ ਹੋਵੇਗੀ। ਪ੍ਰਦਰਸ਼ਨਕਾਰੀਆਂ ਨੇ ਫਿਰ ਸ਼ਨੀਵਾਰ ਨੂੰ ਲਿਵਰਪੂਲ, ਸ਼੍ਰੇਅਸਬਰੀ ਅਤੇ ਸੈਲਫੋਰਡ ਵਿੱਚ ਇਕੱਠੇ ਹੋਣ ਦਾ ਟੀਚਾ ਰੱਖਿਆ। ਫਿਰ ਟਾਊਨਟਨ, ਬਰਮਿੰਘਮ ਅਤੇ ਡੋਵਰ ਵਿੱਚ ਅਤੇ ਅਗਲੇ ਦਿਨ ਬੋਰਨੇਮਾਊਥ ਵਿੱਚ ਵਿਰੋਧ ਪ੍ਰਦਰਸ਼ਨਾਂ ਦੀ ਯੋਜਨਾ ਬਣਾਈ ਗਈ ਹੈ।

### ਇਤਿਹਾਸਕ ਸਥਾਨ ਵੀ ਬਣ ਸਕਦੇ ਨਿਸ਼ਾਨਾ

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਤਿਹਾਸਕ ਸਥਾਨਾਂ ਜਿਵੇਂ ਕਿ ਗਲਾਸਗੋ ਵਿੱਚ ਸੇਂਟ ਜਾਰਜ ਸਕੁਏਅਰ ਅਤੇ ਬਰਮਿੰਘਮ ਵਿੱਚ ਬੁਲਰਿੰਗ ਵਿੱਚ ਹੋਰ ਵਿਰੋਧ ਪ੍ਰਦਰਸ਼ਨਾਂ ਦੀ ਵੀ ਯੋਜਨਾ ਹੈ। ਇੰਗਲਿਸ਼ ਬਾਰਡਰ ਫਰੰਟ ਦੇ ਮੈਂਬਰਾਂ ਵੱਲੋਂ ਸ਼੍ਰੇਅਸਬਰੀ ਵਿੱਚ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਦੀ ਯੋਜਨਾ ਬਣਾਈ ਜਾ ਰਹੀ ਹੈ। ਇੱਕ ਸੂਤਰ ਨੇ 'ਦਿ ਸਨ' ਨੂੰ ਦੱਸਿਆ ਕਿ ਹੁਣ ਤੱਕ ਵਿਰੋਧ ਪ੍ਰਦਰਸ਼ਨ ਨੂੰ ਸੋਸ਼ਲ ਮੀਡੀਆ ਤੋਂ ਦੂਰ ਰੱਖਿਆ ਗਿਆ ਹੈ ਤਾਂ ਜੋ ਪੁਲਸ ਨੂੰ ਪਤਾ ਨਾ ਲੱਗੇ ਅਤੇ ਉਹ ਸੋਚਣ ਕਿ ਸ਼੍ਰੇਅਸਬਰੀ ਵਿੱਚ ਕੁਝ ਨਹੀਂ ਹੋਣ ਵਾਲਾ ਹੈ। ਜੇਕਰ ਉਹ ਅਧਿਕਾਰੀਆਂ ਨੂੰ ਮੂਰਖ ਬਣਾਉਣ ਵਿੱਚ ਕਾਮਯਾਬ ਹੋ ਜਾਂਦੇ ਹਨ, ਤਾਂ ਹਿੰਸਾ ਦਾ ਪੈਮਾਨਾ ਬਹੁਤ ਵੱਡਾ ਹੋ ਸਕਦਾ ਹੈ। ਮੰਨਿਆ ਜਾਂਦਾ ਹੈ ਕਿ ਘੱਟੋ-ਘੱਟ 250 ਗੁੰਡਿਆਂ ਨੇ ਸ਼੍ਰੇਅਸਬਰੀ ਵਿਰੋਧ ਪ੍ਰਦਰਸ਼ਨ ਲਈ ਸਾਈਨ ਅੱਪ ਕੀਤਾ ਹੈ। ਇਸ ਵਿੱਚ ਨਿਊਕੈਸਲ ਅਤੇ ਓਲਡਹੈਮ ਦੀਆਂ ਫਰਮਾਂ ਦੇ ਗੁੰਡੇ ਵੀ ਸ਼ਾਮਲ ਹਨ। ਇਸ ਦੌਰਾਨ ਖਾਸ ਤੌਰ 'ਤੇ ਨਸਲੀ ਘੱਟ ਗਿਣਤੀ ਬ੍ਰਿਟਿਸ਼ ਅਤੇ ਸਰਕਾਰ ਦੇ ਮੰਤਰੀਆਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਬ੍ਰਿਟੇਨ ਦੇ ਸਾਊਥਪੋਰਟ 'ਚ ਹੋਏ ਹਮਲੇ 'ਚ ਤਿੰਨ ਬੱਚਿਆਂ ਦੀ ਮੌਤ ਤੋਂ ਬਾਅਦ ਭੜਕੀ ਹਿੰਸਾ ਕਾਰਨ ਦੇਸ਼ ਦੇ ਕਈ ਸ਼ਹਿਰ ਪਿਛਲੇ ਇਕ ਹਫਤੇ ਤੋਂ ਸੜ ਰਹੇ ਹਨ। ਇਸ ਹਮਲੇ ਤੋਂ ਬਾਅਦ ਆਨਲਾਈਨ ਪਲੇਟਫਾਰਮ 'ਤੇ ਅਫਵਾਹ ਫੈਲਾਈ ਗਈ ਕਿ ਹਮਲਾਵਰ ਵਿਦੇਸ਼ੀ ਮੁਸਲਮਾਨ ਸੀ। ਇਸ ਤੋਂ ਬਾਅਦ ਸੱਜੇ ਪੱਖੀ ਸਮੂਹ ਮੁਸਲਮਾਨਾਂ ਅਤੇ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਹਾਲਾਂਕਿ ਇਸ ਘਟਨਾ ਦਾ ਸ਼ੱਕੀ ਮੁਸਲਿਮ ਜਾਂ ਪ੍ਰਵਾਸੀ ਨਹੀਂ ਬਲਕਿ 17 ਸਾਲਾ ਐਕਸਲ ਰੁਦਾਕੁਬਾਨਾ ਹੈ, ਜੋ ਬ੍ਰਿਟੇਨ ਦਾ ਰਹਿਣ ਵਾਲਾ ਹੈ। ਇਸ ਦੇ ਬਾਵਜੂਦ ਵਿਰੋਧ ਪ੍ਰਦਰਸ਼ਨਾਂ ਅਤੇ ਹਿੰਸਾ ਦਾ ਦੌਰ ਜਾਰੀ ਹੈ।

# ਪੁਲਾੜ 'ਚ ਫਸੀ ਸੁਨੀਤਾ ਵਿਲੀਅਮਸ, 2025 ਤੱਕ ਧਰਤੀ 'ਤੇ ਹੋ ਸਕਦੀ ਹੈ ਵਾਪਸੀ !




ਵਾਸ਼ਿੰਗਟਨ : ਨਾਸਾ ਦੇ ਪੁਲਾੜ ਯਾਤਰੀ ਸੁਨੀਤਾ ਵਿਲੀਅਮਸ ਅਤੇ ਬੁਚ ਵਿਲਮੋਰ ਦੀ ਪੁਲਾੜ ਤੋਂ ਵਾਪਸੀ 'ਚ ਲੰਬਾ ਸਮਾਂ ਲੱਗ ਸਕਦਾ ਹੈ। ਨਾਸਾ ਨੇ ਕਿਹਾ ਕਿ ਸਟਾਰਲਾਈਨਰ ਨਾਲ ਯਾਤਰਾ ਕਰਨ ਵਾਲੇ ਪੁਲਾੜ ਯਾਤਰੀਆਂ ਦੀ ਵਾਪਸੀ ਦੀ ਯੋਜਨਾ ਬਣਾਉਣ ਵੇਲੇ ਉਸਨੇ ਸਾਰੇ ਵਿਕਲਪਾਂ 'ਤੇ ਵਿਚਾਰ ਕੀਤਾ। ਨਾਸਾ ਦੇ ਅਧਿਕਾਰੀਆਂ ਨੇ ਕਿਹਾ ਕਿ ਸਟਾਰਲਾਈਨਰ ਪੁਲਾੜ ਯਾਤਰੀਆਂ ਦੀ ਧਰਤੀ 'ਤੇ ਵਾਪਸੀ ਦੀ ਯੋਜਨਾ ਬਣਾਉਣ ਵੇਲੇ ਸਾਰੇ ਵਿਕਲਪਾਂ 'ਤੇ ਵਿਚਾਰ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ ਇੱਕ ਵਿਕਲਪ ਦੇ ਤਹਿਤ ਦੋਵੇਂ ਪੁਲਾੜ ਯਾਤਰੀ 2025 ਵਿੱਚ ਧਰਤੀ 'ਤੇ ਵਾਪਸ ਆ ਸਕਦੇ ਹਨ। ਇਸ ਪਲਾਨ 'ਚ ਬੋਇੰਗ ਦੀ ਵਿਰੋਧੀ ਸਪੇਸਐਕਸ ਵੀ ਸ਼ਾਮਲ ਹੈ। ਕਮਰਸ਼ੀਅਲ ਕਰੂ ਪ੍ਰੋਗਰਾਮ ਦੇ ਮੈਨੇਜਰ ਸਟੀਵ ਸਟਿਚ ਨੇ ਕਿਹਾ ਕਿ ਨਾਸਾ ਦਾ ਮੁੱਖ ਵਿਕਲਪ ਸਟਾਰਲਾਈਨਰ ਪੁਲਾੜ ਯਾਨ 'ਤੇ ਸਵਾਰ ਬੁੱਚ ਅਤੇ ਸੁਨੀਤਾ ਨੂੰ ਵਾਪਸ ਲਿਆਉਣਾ ਹੈ। ਹਾਲਾਂਕਿ ਅਸੀਂ ਇਹ ਯਕੀਨੀ ਬਣਾਉਣ ਦੀ ਯੋਜਨਾ ਬਣਾਈ ਹੈ ਕਿ ਸਾਡੇ ਕੋਲ ਹੋਰ ਵਿਕਲਪ ਸਾਡੇ ਲਈ ਖੁੱਲ੍ਹੇ ਹਨ।ਸਟੀਚ ਨੇ ਇਹ ਵੀ ਦੱਸਿਆ ਕਿ ਨਾਸਾ ਐਲੋਨ ਮਸਕ ਦੀ ਕੰਪਨੀ ਸਪੇਸਐਕਸ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਉਸਨੇ ਕਿਹਾ,"ਅਸੀਂ ਸਪੇਸਐਕਸ ਨਾਲ ਮਿਲ ਕੇ ਕੰਮ ਕਰ ਰਹੇ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਕਰੂ 9 'ਤੇ ਪ੍ਰਤੀਕਿਰਿਆ ਦੇਣ ਲਈ ਤਿਆਰ ਹਨ।" ਜੇਕਰ ਸਾਨੂੰ ਲੋੜ ਪਈ ਤਾਂ ਬੁੱਚ ਅਤੇ ਸੁਨੀਤਾ ਵਿਲੀਅਮਸ ਨੂੰ ਵਾਪਸ ਕਰੂ 9 ਵਿੱਚ ਭੇਜਾਂਗੇ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਨਾਸਾ ਨੇ ਸਪੇਸਐਕਸ ਕਰੂ 9 ਮਿਸ਼ਨ ਵਿੱਚ ਦੇਰੀ ਦਾ ਐਲਾਨ ਕੀਤਾ ਸੀ ਅਤੇ ਇਸਦੀ ਲਾਂਚਿੰਗ ਨੂੰ 25 ਸਤੰਬਰ ਤੱਕ ਮੁਲਤਵੀ ਕਰ ਦਿੱਤਾ ਗਿਆ ਸੀ। ਪਹਿਲਾਂ ਇਸਨੂੰ ਅਗਸਤ ਵਿੱਚ ਭੇਜਿਆ ਜਾਣਾ ਸੀ। ਇਹ ਚਾਰ ਚਾਲਕ ਦਲ ਦੇ ਮੈਂਬਰਾਂ ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ.ਐਸ.ਐਸ) ਲੈ ਕੇ ਜਾਵੇਗਾ।



# ਰਵਨੀਤ ਬਿੱਟੂ ਦੇ ਮਾਮਿਆਂ ਨੂੰ ਕਾਂਗਰਸ 'ਚੋਂ ਕੱਢਿਆ



ਮਾਛੀਵਾੜਾ : ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਜਾਰੀ ਆਦੇਸ਼ਾਂ ਅਨੁਸਾਰ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਮਾਮਾ ਤੇਜਿੰਦਰ ਸਿੰਘ ਕੂੰਨਰ ਸਾਬਕਾ ਚੇਅਰਮੈਨ ਸਹਿਕਾਰੀ ਬੈਂਕ ਲੁਧਿਆਣਾ, ਰਾਜਵੰਤ ਸਿੰਘ ਕੂੰਨਰ ਸਾਬਕਾ ਚੇਅਰਮੈਨ ਨੂੰ ਪਾਰਟੀ 'ਚੋਂ ਕੱਢ ਦਿੱਤਾ ਗਿਆ ਹੈ। ਪਾਰਟੀ ਪ੍ਰਧਾਨ ਰਾਜਾ ਵੜਿੰਗ ਵੱਲੋਂ ਜਾਰੀ ਪੱਤਰ ਵਿੱਚ ਕਿਹਾ ਗਿਆ ਹੈ ਕਿ ਦੋਵਾਂ ਆਗੂਆਂ ਨੂੰ ਸਾਲ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਉਮੀਦਵਾਰ ਦਾ ਵਿਰੋਧ ਕਰਨ, ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਹੇਠ ਕਾਂਗਰਸ 'ਚੋਂ ਕੱਢਿਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਰਵਨੀਤ ਸਿੰਘ ਬਿੱਟੂ ਨੇ ਅਮਰਿੰਦਰ ਸਿੰਘ ਰਾਜਾ ਵੜਿੰਗ ਖ਼ਿਲਾਫ਼ ਚੋਣ ਲੜੀ ਸੀ ਅਤੇ ਬਿੱਟੂ ਦੇ ਮਾਮਿਆਂ ਰਾਜਵੰਤ ਸਿੰਘ ਕੂੰਨਰ ਤੇ ਤੇਜਿੰਦਰ ਸਿੰਘ ਕੂੰਨਰ ਨੇ ਲੁਧਿਆਣਾ ਵਿੱਚ ਆਪਣੇ ਭਾਣਜੇ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਸੀ। ਇਸ ਤੋਂ ਇਲਾਵਾ ਵੜਿੰਗ ਨੇ ਕਾਂਗਰਸ ਦੇ ਟਕਸਾਲੀ ਪਰਿਵਾਰ ਨਾਲ ਸਬੰਧਤ ਸਾਬਕਾ ਜ਼ਿਲ੍ਹਾ ਪਰਿਸ਼ਦ ਮੈਂਬਰ ਤੇ ਪਾਰਟੀ ਦੇ ਜ਼ਿਲ੍ਹਾ ਉਪ ਪ੍ਰਧਾਨ ਕੁਲਵਿੰਦਰ ਸਿੰਘ ਮਾਣੇਵਾਲ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ ਹੈ।

## ਅਸੀਂ ਤਾਂ ਕਾਂਗਰਸ ਦੇ ਮੈਂਬਰ ਹੀ ਨਹੀਂ, ਕੱਢਿਆ ਕਿੱਥੋਂ: ਕੂੰਨਰ

ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਮਾਮਾ ਤੇਜਿੰਦਰ ਸਿੰਘ ਕੂੰਨਰ ਨੇ ਕਾਂਗਰਸ ਪਾਰਟੀ ਵੱਲੋਂ ਕੱਢੇ ਜਾਣ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ, ''ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਇਹ ਬੜਾ ਹਾਸੋਹੀਣਾ ਪੱਤਰ ਹੈ ਕਿਉਂਕਿ ਅਸੀਂ ਤਾਂ ਹੁਣ ਕਾਂਗਰਸ ਪਾਰਟੀ ਦੇ ਮੈਂਬਰ ਹੀ ਨਹੀਂ, ਇਸ ਲਈ ਪ੍ਰਧਾਨ ਇਹ ਦੱਸੇ ਕਿ ਸਾਨੂੰ ਕਿਸ 'ਚੋਂ ਕੱਢਿਆ ਗਿਆ ਹੈ।'' ਕੂੰਨਰ ਨੇ ਕਿਹਾ ਕਿ ਕਾਂਗਰਸ ਪਾਰਟੀ 'ਚੋਂ ਕੱਢਣ ਨਾਲ ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ।

# ਐਨ.ਆਰ.ਆਈ ਵੀਰਾਂ ਭੈਣਾਂ ਲਈ ਚੰਗੀ ਖ਼ਬਰ

# ਦਿੱਲੀ ਏਅਰਪੋਰਟ 'ਤੇ ਪੰਜਾਬੀਆਂ ਲਈ ਖੋਲ੍ਹਿਆ ਜਾਵੇਗਾ ਵਿਸ਼ੇਸ਼ ਕਾਊਂਟਰ, ਮਿਲਣਗੀਆਂ ਇਹ ਸਹੂਲਤਾਂ





ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਾਸੀਆਂ ਨੂੰ ਤੋਹਫ਼ਾ ਦਿੱਤਾ ਹੈ। ਦਿੱਲੀ ਏਅਰਪੋਰਟ (Delhi Airport) 'ਤੇ ਪੰਜਾਬੀਆਂ ਲਈ ਵਿਸ਼ੇਸ਼ ਕਾਊਂਟਰ ਖੋਲ੍ਹਿਆ ਜਾਵੇਗਾ। ਇਹ ਸੁਵਿਧਾ ਕੇਂਦਰ ਆਈ.ਜੀ.ਆਈ ਏਅਰਪੋਰਟ ਟਰਮੀਨਲ-3, ਨਵੀਂ ਦਿੱਲੀ ਵਿਖੇ ਸਥਾਪਿਤ ਕੀਤਾ ਜਾਵੇਗਾ, ਜਿਸ ਨਾਲ ਪੰਜਾਬੀਆਂ ਲਈ ਯਾਤਰਾ ਹੋਰ ਵੀ ਆਸਾਨ ਹੋ ਜਾਵੇਗੀ।

ਇਸ ਸੁਵਿਧਾ ਕੇਂਦਰ ਰਾਹੀਂ ਪੰਜਾਬੀਆਂ ਨੂੰ ਵਿਸ਼ੇਸ਼ ਸੇਵਾਵਾਂ ਅਤੇ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ, ਜਿਵੇਂ ਕਿ ਸਥਾਨਕ ਭਾਸ਼ਾਵਾਂ ਵਿੱਚ ਮਾਰਗਦਰਸ਼ਨ, ਪੰਜਾਬ ਨਾਲ ਸਬੰਧਤ ਜਾਣਕਾਰੀ ਅਤੇ ਸਮੱਸਿਆ ਦੇ ਨਿਪਟਾਰੇ ਵਿੱਚ ਸਹਾਇਤਾ। ਇਸ ਨਾਲ ਏਅਰਪੋਰਟ 'ਤੇ ਪੰਜਾਬੀਆਂ ਦੇ ਤਜ਼ਰਬੇ 'ਚ ਹੋਰ ਸੁਧਾਰ ਹੋਵੇਗਾ।

**ਪੰਜਾਬੀਆਂ ਨੂੰ ਮਿਲਣਗੀਆਂ ਵਿਸ਼ੇਸ਼ ਸਹੂਲਤਾਂ–**

1. ਪੰਜਾਬ ਸਰਕਾਰ ਦਿੱਲੀ ਏਅਰਪੋਰਟ 'ਤੇ ਸੁਵਿਧਾ ਕੇਂਦਰ ਸ਼ੁਰੂ ਕਰ ਰਹੀ ਹੈ। ਇਹ ਆਈ.ਜੀ.ਆਈ ਏਅਰਪੋਰਟ ਟਰਮੀਨਲ-3, ਨਵੀਂ ਦਿੱਲੀ ਵਿਖੇ ਸਥਿਤ ਹੋਵੇਗਾ।
2. ਪੰਜਾਬ ਸਰਕਾਰ ਅਤੇ GMR, ਨਵੀਂ ਦਿੱਲੀ ਵਿਚਕਾਰ 12 ਜੂਨ, 2024 ਨੂੰ ਦੋ ਸਾਲਾਂ ਲਈ ਇੱਕ ਸਮਝੌਤੇ 'ਤੇ ਹਸਤਾਖਰ ਕੀਤੇ ਗਏ ਸਨ।
3. ਇਹ ਸੁਵਿਧਾ ਕੇਂਦਰ 24*7 ਕੰਮ ਕਰੇਗਾ।
4. ਇਸ ਸੁਵਿਧਾ ਕੇਂਦਰ ਦਾ ਉਦੇਸ਼ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪ੍ਰਵਾਸੀ ਭਾਰਤੀਆਂ ਅਤੇ ਹੋਰ ਯਾਤਰੀਆਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨਾ ਹੈ।
5. ਇਸ ਕੇਂਦਰ ਵਿੱਚ 2 ਇਨੋਵਾ ਕਾਰਾਂ ਹੋਣਗੀਆਂ ਜੋ ਪੰਜਾਬ ਭਵਨ ਅਤੇ ਹੋਰ ਨੇੜਲੇ ਸਥਾਨਾਂ ਤੱਕ ਯਾਤਰੀਆਂ ਦੀ ਸਥਾਨਕ ਆਵਾਜਾਈ ਵਿੱਚ ਮਦਦ ਕਰਨ ਲਈ ਉਪਲਬਧ ਹੋਣਗੀਆਂ।
6. ਯਾਤਰੀ/ਰਿਸ਼ਤੇਦਾਰ ਹਵਾਈ ਅੱਡੇ 'ਤੇ ਲਾਈਟਾਂ, ਕਨੈਕਟਿੰਗ ਫਲਾਈਟਾਂ, ਟੈਕਸੀ ਸੇਵਾਵਾਂ, ਗੁੰਮ ਹੋਏ ਸਮਾਨ ਦੀਆਂ ਸਹੂਲਤਾਂ ਅਤੇ ਹੋਰ ਲੋੜੀਂਦੀ ਸਹਾਇਤਾ ਲਈ ਮਦਦ ਲੈ ਸਕਦੇ ਹਨ।
7. ਐਮਰਜੈਂਸੀ ਦੀ ਸਥਿਤੀ ਵਿੱਚ, ਉਪਲਬਧਤਾ ਦੇ ਅਧੀਨ, ਪੰਜਾਬ ਭਵਨ, ਦਿੱਲੀ ਵਿੱਚ ਕੁਝ ਕਮਰੇ ਯਾਤਰੀਆਂ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਲਈ ਉਪਲਬਧ ਕਰਵਾਏ ਜਾਣਗੇ।
8. ਸਹਾਇਤਾ ਕੇਂਦਰ ਨੰਬਰ (011-61232182) ਜਾਰੀ ਕੀਤਾ ਗਿਆ ਹੈ, ਜਿਸ ਦੀ ਵਰਤੋਂ ਯਾਤਰੀ ਕਿਸੇ ਵੀ ਸਮੇਂ ਸਹਾਇਤਾ ਪ੍ਰਾਪਤ ਕਰਨ ਲਈ ਕਰ ਸਕਦੇ ਹਨ।

# ਸਾਹਨੀ ਨੇ ਉੱਚ ਸਿੱਖਿਆ ਦੇ ਵਧੇਰੇ ਖਰਚਿਆਂ ਦਾ ਮਾਮਲਾ ਰਾਜ ਸਭਾ 'ਚ ਚੁੱਕਿਆ



ਨਵੀਂ ਦਿੱਲੀ : ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਅੱਜ ਸੰਸਦ ਵਿੱਚ ਉੱਚ ਸਿੱਖਿਆ ਦੇ ਖਰਚੇ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਇਸ ਨੂੰ ਨਿਯਮਤ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਿੱਖਿਆ ਇੱਕ ਮੌਲਿਕ ਅਧਿਕਾਰ ਹੈ, ਪਰ 'ਕੇਜੀ ਤੋਂ ਪੀਜੀ' ਤੱਕ ਦੀ ਸਿੱਖਿਆ ਦੇ ਵਧ ਰਹੇ ਖਰਚੇ ਪਰਿਵਾਰਾਂ 'ਤੇ ਬਹੁਤ ਜ਼ਿਆਦਾ ਭਾਰ ਹਨ ਤੇ ਭਾਰਤ ਵਿੱਚ ਇੱਕ ਵਿਦਿਆਰਥੀ ਨੂੰ ਪੋਸਟ-ਗ੍ਰੈਜੂਏਸ਼ਨ ਤੱਕ ਸਿੱਖਿਆ ਦੇਣ ਦਾ ਖਰਚਾ 23-30 ਲੱਖ ਤੱਕ ਹੈ। ਇਹ ਵਿੱਤੀ ਬੋਝ ਬਹੁਤ ਸਾਰੇ ਵਿਦਿਆਰਥੀਆਂ ਨੂੰ ਘਰੇਲੂ ਸਿੱਖਿਆ ਦੇ ਉੱਚੇ ਖਰਚੇ ਕਾਰਨ, ਵਿਦੇਸ਼ਾਂ ਵਿੱਚ ਸਿੱਖਿਆ ਲੈਣ ਲਈ ਮਜਬੂਰ ਕਰ ਰਿਹਾ ਹੈ।

# ਪੰਜਾਬ ਸਕੂਲ ਸਿੱਖਿਆ ਬੋਰਡ ਦੀ ਚੇਅਰਪਰਸਨ ਵੱਲੋਂ ਅਸਤੀਫ਼ਾ



ਮੁਹਾਲੀ : ਪੰਜਾਬ ਸਕੂਲ ਸਿੱਖਿਆ ਬੋਰਡ ਦੀ ਚੇਅਰਪਰਸਨ ਡਾ. ਸਤਿਬੀਰ ਬੇਦੀ ਨੇ ਅੱਜ ਅਚਾਨਕ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਬੋਰਡ ਦੇ ਮੁਖੀ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ ਹੈ ਅਤੇ ਫਿਲਹਾਲ ਦਫ਼ਤਰੀ ਕੰਮਕਾਜ ਚਲਾਉਣ ਲਈ ਉਨ੍ਹਾਂ ਦੀ ਥਾਂ ਸਿੱਖਿਆ ਵਿਭਾਗ ਦੇ ਸਕੱਤਰ ਨੂੰ ਬੋਰਡ ਦੇ ਚੇਅਰਮੈਨ ਦਾ ਵਾਧੂ ਚਾਰਜ ਦਿੱਤਾ ਗਿਆ ਹੈ।

# ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦਾ ED ਨੂੰ ਮਿਲਿਆ 5 ਦਿਨਾਂ ਦਾ ਰਿਮਾਂਡ



ਚੰਡੀਗੜ੍ਹ (ਪੰਜਾਬ ਸਟਾਰ ਬਿਊਰੋ): ਟੈਂਡਰ ਘੁਟਾਲਾ ਮਾਮਲੇ ਵਿਚ ਭਾਰਤ ਭੂਸ਼ਣ ਆਸ਼ੂ ਨੂੰ ਅਦਾਲਤ ਨੇ 5 ਦਿਨਾਂ ਦੀ ਰਿਮਾਂਡ 'ਤੇ ਭੇਜ ਦਿੱਤਾ ਹੈ। ਬੀਤੇ ਦਿਨ ਈਡੀ ਵਲੋਂ ਪੁੱਛਗਿੱਛ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ। ਟੈਂਡਰਾਂ 'ਚ ਕਰੋੜਾਂ ਰੁਪਏ ਦੇ ਘਪਲੇ ਦਾ ਇਲਜ਼ਾਮ ਲੱਗੇ ਹਨ। ਬੀਤੇ ਦਿਨ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਈਡੀ ਨੇ ਜਲੰਧਰ 'ਚ ਪੁੱਛਗਿੱਛ ਲਈ ਬੁਲਾਇਆ ਸੀ। ਦੇਰ ਸ਼ਾਮ ਈਡੀ ਅਧਿਕਾਰੀਆਂ ਨੇ ਪੁੱਛਗਿੱਛ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਈਡੀ ਦੇ ਅਧਿਕਾਰੀਆਂ ਨੇ 9 ਘੰਟੇ ਤੱਕ ਆਸ਼ੂ ਤੋਂ ਉਸ ਦੀ ਵਧੀ ਹੋਈ ਦੌਲਤ ਅਤੇ ਵਿਦੇਸ਼ਾਂ 'ਚ ਲੈਣ-ਦੇਣ ਬਾਰੇ ਪੁੱਛਗਿੱਛ ਕੀਤੀ। ਅੱਜ ਆਸ਼ੂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਸੀ। ਆਸ਼ੂ ਨੂੰ ਅੱਜ ਜਲੰਧਰ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ।

ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਜਦੋਂ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਸਨ ਤਾਂ ਉਨ੍ਹਾਂ 'ਤੇ ਕਰੋੜਾਂ ਰੁਪਏ ਦੇ ਟੈਂਡਰਾਂ 'ਚ ਘਪਲੇ ਦੇ ਦੋਸ਼ ਲੱਗੇ ਸਨ। ਪੰਜਾਬ ਦੀਆਂ ਮੰਡੀਆਂ ਵਿੱਚ ਲੇਬਰ ਅਤੇ ਟਰਾਂਸਪੋਰਟੇਸ਼ਨ ਦੇ ਟੈਂਡਰਾਂ ਵਿੱਚ ਵੱਡੇ ਪੱਧਰ 'ਤੇ ਬੇਨਿਯਮੀਆਂ ਸਾਹਮਣੇ ਆਈਆਂ ਸਨ। ਇਸ ਤੋਂ ਬਾਅਦ ਤਲਾਸ਼ੀ ਦੌਰਾਨ ਈਡੀ ਨੂੰ ਕਰੀਬ ਡੇਢ ਕਰੋੜ ਰੁਪਏ ਦੀ ਜਾਇਦਾਦ ਦੇ ਦਸਤਾਵੇਜ਼ ਮਿਲੇ ਸਨ। ਇਸ ਦੌਰਾਨ ਕਰੀਬ 30 ਲੱਖ ਰੁਪਏ ਵੀ ਜ਼ਬਤ ਕੀਤੇ ਗਏ। ਇਹ ਮਾਮਲਾ ਸਭ ਤੋਂ ਪਹਿਲਾਂ ਪੰਜਾਬ ਵਿਜੀਲੈਂਸ ਬਿਊਰੋ ਨੇ ਚੁੱਕਿਆ ਸੀ। ਵਿਜੀਲੈਂਸ ਨੇ ਇਸ ਮਾਮਲੇ ਵਿੱਚ ਅਦਾਲਤ ਵਿੱਚ ਚਲਾਨ ਵੀ ਪੇਸ਼ ਕੀਤਾ ਹੈ। ਇਸ ਤੋਂ ਬਾਅਦ ਈਡੀ ਨੇ ਇਸ ਮਾਮਲੇ ਨਾਲ ਸਬੰਧਤ ਦਸਤਾਵੇਜ਼ ਮੰਗੇ ਸਨ ਅਤੇ ਆਪਣੇ ਪੱਧਰ 'ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ।

ਜਾਣਕਾਰੀ ਮੁਤਾਬਕ ਈਡੀ ਨੇ ਭਾਰਤ ਭੂਸ਼ਣ ਆਸ਼ੂ ਨੂੰ ਪੇਸ਼ ਹੋਣ ਲਈ ਕਿਹਾ ਸੀ। ਲੇਬਰ ਟਰਾਂਸਪੋਰਟੇਸ਼ਨ ਟੈਂਡਰ ਘੁਟਾਲੇ ਵਿੱਚ ਮੁਲਜ਼ਮ ਵਾਹਨਾਂ 'ਤੇ ਜਾਅਲੀ ਨੰਬਰ ਪਲੇਟਾਂ ਲਗਾ ਕੇ ਅਨਾਜ ਮੰਡੀਆਂ ਵਿੱਚ ਮਾਲ ਦੀ ਢੋਆ-ਢੁਆਈ ਕਰਦੇ ਸਨ। ਇਸ ਦੇ ਨਾਲ ਹੀ ਮੁਲਜ਼ਮਾਂ ਨੇ ਟੈਂਡਰ ਲੈਣ ਤੋਂ ਪਹਿਲਾਂ ਵਿਭਾਗ ਵਿੱਚ ਲਿਖੇ ਗਲਤ ਵਾਹਨਾਂ ਦੇ ਨੰਬਰ ਲਏ। ਜਾਂਚ ਦੌਰਾਨ ਪਤਾ ਲੱਗਾ ਕਿ ਲਿਖੇ ਨੰਬਰ ਦੁਪਹੀਆ ਵਾਹਨਾਂ ਜਿਵੇਂ ਸਕੂਟਰ, ਬਾਈਕ ਆਦਿ ਦੇ ਸਨ। ਇਨ੍ਹਾਂ ਨੰਬਰਾਂ ਵਾਲੇ ਵਾਹਨ ਮਾਲ ਢੋਣ ਲਈ ਯੋਗ ਨਹੀਂ ਹਨ। ਇਸ ਮਾਮਲੇ 'ਚ ਕਰੀਬ ਦੋ ਮਹੀਨੇ ਪਹਿਲਾਂ ਕੁਝ ਟਰਾਂਸਪੋਰਟ ਮਾਲਕਾਂ ਅਤੇ ਠੇਕੇਦਾਰਾਂ ਨੇ ਤਤਕਾਲੀ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ 'ਤੇ ਕੁਝ ਠੇਕੇਦਾਰਾਂ ਨੂੰ ਲਾਭ ਦੇਣ ਅਤੇ ਕਰੋੜਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਲਾਏ ਸਨ। ਹੁਣ ਇਸ ਮਾਮਲੇ ਦੀ ਜਾਂਚ ਤੋਂ ਬਾਅਦ ਵਿਜੀਲੈਂਸ ਨੇ ਐੱਫਆਈਆਰ ਦਰਜ ਕਰਕੇ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ ਸਨ। ਆਸ਼ੂ 'ਤੇ ਕਰੋੜਾਂ ਰੁਪਏ ਦੇ ਟੈਂਡਰ ਘੁਟਾਲੇ ਦਾ ਵੀ ਦੋਸ਼ ਹੈ।

## ਘੁਮਾਣ ਦੇ ਨੌਜਵਾਨ ਦੀ ਕੈਨੇਡਾ ਵਿੱਚ ਮੌਤ



ਗੁਰੂਸਰ ਸੁਧਾਰ : ਕੈਨੇਡਾ ਦੇ ਸਰੀ ਵਿੱਚ ਰਹਿਣ ਵਾਲੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਘੁਮਾਣ ਵਾਸੀ ਆਲਮਜੋਤ ਸਿੰਘ (29) ਪੁੱਤਰ ਪਰਮਜੀਤ ਸਿੰਘ ਦੀ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ 2014 ਵਿੱਚ ਆਪਣੇ ਮਾਪਿਆਂ ਸਣੇ ਛੋਟੇ ਭਰਾ ਨਾਲ ਪੱਕੇ ਤੌਰ 'ਤੇ ਕੈਨੇਡਾ ਗਿਆ ਸੀ। ਉਥੋਂ ਉਹ ਆਪਣੀ ਮਾਤਾ ਰਵਿੰਦਰ ਕੌਰ ਅਤੇ ਪਿਤਾ ਪਰਮਜੀਤ ਸਿੰਘ ਸਣੇ ਚਾਚਾ ਦਲਭੰਜਨ ਸਿੰਘ ਦੇ ਘਰ ਅਖੰਡ ਪਾਠ ਦੇ ਭੋਗ ਮੌਕੇ ਉਨ੍ਹਾਂ ਦੇ ਘਰ ਗਏ ਸਨ। ਦੂਜੇ ਦਿਨ ਜਦੋਂ ਉਸ ਦੀ ਮਾਤਾ ਉਸ ਦੇ ਕਮਰੇ ਵਿੱਚ ਗਈ ਤਾਂ ਉਹ ਬੈੱਡ ਤੋਂ ਹੇਠਾਂ ਡਿੱਗਿਆ ਪਿਆ ਸੀ। ਇਸ ਦੌਰਾਨ ਮੌਕੇ 'ਤੇ ਪਹੁੰਚੇ ਡਾਕਟਰਾਂ ਨੇ ਦਿਲ ਦਾ ਦੌਰਾ ਪੈਣ ਦੀ ਪੁਸ਼ਟੀ ਕੀਤੀ ਹੈ।

## ਵਿਨੇਸ਼ ਫੋਗਾਟ ਦੇ ਘਰ ਪੁੱਜੇ ਮੁੱਖ ਮੰਤਰੀ ਭਗਵੰਤ ਮਾਨ

ਚੰਡੀਗੜ੍ਹ: ਪੈਰਿਸ ਓਲੰਪਿਕ ਖੇਡਾਂ ਵਿੱਚੋਂ ਵਿਨੇਸ਼ ਫੋਗਾਟ ਨੂੰ ਓਵਰ ਵੇਟ ਹੋਣ ਕਰਕੇ ਓਲੰਪਿਕ ਵਿੱਚੋਂ ਬਾਹਰ ਕੀਤੇ ਜਾਣ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਫੋਗਾਟ ਦੇ ਘਰ ਪੁੱਜੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਿਨੇਸ਼ ਫੋਗਾਟ ਦੇ ਪਰਿਵਾਰਿਕ ਮੈਂਬਰਾਂ ਨਾਲ ਮੁਲਾਕਾਤ ਕੀਤੀ ਗਈ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਜਾਵੇਗੀ। ਉਨ੍ਹਾਂ ਫੋਗਾਟ ਨੂੰ ਓਲੰਪਿਕ ਖੇਡਾਂ 'ਚੋਂ ਬਾਹਰ ਕੀਤੇ ਜਾਣ 'ਤੇ ਨਿਰਾਸ਼ਾ ਪ੍ਰਗਟਾਈ।

# ਵਿਨੇਸ਼ ਫੋਗਾਟ ਪੈਰਿਸ ਓਲੰਪਿਕ ਤੋਂ ਬਾਹਰ, ਵਿਗੜੀ ਸਿਹਤ



ਵਿਨੇਸ਼ ਫੋਗਾਟ ਓਲੰਪਿਕ ਮੁਕਾਬਲੇ ਤੋਂ ਬਾਹਰ ਹੋ ਗਈ ਹੈ। ਉਸ ਨੂੰ ਆਪਣਾ ਭਾਰ ਬਰਕਰਾਰ ਨਾ ਰੱਖਣ ਕਾਰਨ ਅਯੋਗ ਕਰਾਰ ਦਿੱਤਾ ਗਿਆ ਹੈ। ਇਸ ਕਾਰਨ ਉਹ ਨਾ ਸਿਰਫ਼ ਫਾਈਨਲ 'ਚੋਂ ਬਾਹਰ ਹੋ ਗਈ ਸਗੋਂ ਮੈਡਲ ਤੋਂ ਵੀ ਖੁੰਝ ਗਈ। ਇਸ ਸਬੰਧੀ ਜਾਣਕਾਰੀ ਭਾਰਤੀ ਓਲੰਪਿਕ ਸੰਘ ਵੱਲੋਂ ਜਨਤਕ ਕੀਤੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਪੈਰਿਸ ਓਲੰਪਿਕ ਸਥਾਨ 'ਤੇ ਵਿਨੇਸ਼ ਫੋਗਾਟ ਡੀਹਾਈਡ੍ਰੇਸ਼ਨ ਕਾਰਨ ਅਚਾਨਕ ਬੇਹੋਸ਼ ਹੋ ਗਈ। ਫਿਲਹਾਲ ਉਸ ਨੂੰ ਨਜ਼ਦੀਕੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਉਸਨੂੰ ਤ੍ਰਿੜ ਤਰਲ ਪਦਾਰਥ ਦੇਣ ਦੀ ਸਿਫਾਰਸ਼ ਕੀਤੀ ਗਈ ਹੈ।

ਐਸੋਸੀਏਸ਼ਨ ਨਾਲ ਜੁੜੇ ਸੂਤਰਾਂ ਮੁਤਾਬਕ ਵਿਨੇਸ਼ ਫੋਗਾਟ ਬੁੱਧਵਾਰ ਸਵੇਰੇ ਸੋਨ ਤਗਮੇ ਲਈ ਫਾਈਨਲ ਮੈਚ ਤੋਂ ਪਹਿਲਾਂ 50 ਕਿਲੋਗ੍ਰਾਮ ਭਾਰ ਬਰਕਰਾਰ ਨਹੀਂ ਰੱਖ ਸਕੀ। ਵਿਨੇਸ਼ ਓਲੰਪਿਕ ਵਿੱਚ ਇਸ ਭਾਰ ਵਰਗ ਵਿੱਚ ਖੇਡ ਰਹੀ ਹੈ।

ਸੂਤਰਾਂ ਮੁਤਾਬਕ ਵਿਨੇਸ਼ ਦਾ ਵਜ਼ਨ ਨਿਰਧਾਰਤ ਮਾਪਦੰਡ ਤੋਂ 100 ਗ੍ਰਾਮ ਵੱਧ ਸੀ। ਮੁਕਾਬਲੇ ਦੇ ਨਿਯਮਾਂ ਅਨੁਸਾਰ ਹਰ ਮੈਚ ਤੋਂ ਪਹਿਲਾਂ ਪਹਿਲਵਾਨ ਦਾ ਤੋਲਿਆ ਜਾਂਦਾ ਹੈ। ਜਿਸ 'ਚ ਵਿਨੇਸ਼ ਜ਼ਿਆਦਾ ਭਾਰ ਵਾਲੀ ਨਿਕਲੀ। ਮੁਕਾਬਲੇ ਦੇ ਨਿਯਮਾਂ ਮੁਤਾਬਕ ਵਿਨੇਸ਼ ਸਿਲਵਰ ਮੈਡਲ ਲਈ ਵੀ ਯੋਗ ਨਹੀਂ ਹੋਵੇਗੀ। ਇਸ ਤੋਂ ਬਾਅਦ 50 ਕਿਲੋ ਵਰਗ ਵਿੱਚ ਸਿਰਫ਼ ਸੋਨ ਅਤੇ ਕਾਂਸੀ ਦੇ ਤਗਮੇ ਦਿੱਤੇ ਜਾਣਗੇ।

ਓਲੰਪਿਕ ਸੰਘ ਵੱਲੋਂ ਬੁੱਧਵਾਰ ਸ਼ਾਮ ਤੱਕ ਇਸ ਸਬੰਧੀ ਰਸਮੀ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਵਿਨੇਸ਼ ਫੋਗਾਟ ਦਾ ਵਜ਼ਨ ਨਿਰਧਾਰਿਤ ਮਾਪਦੰਡ ਮੁਤਾਬਕ ਸੀ। ਹਾਲਾਂਕਿ ਇਸ ਵਜ਼ਨ ਨੂੰ ਹਰ ਰੋਜ਼ ਮੁਕਾਬਲੇ ਤੋਂ ਪਹਿਲਾਂ ਵਰਗ ਅਨੁਸਾਰ ਬਰਕਰਾਰ ਰੱਖਣਾ ਪੈਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, 'ਵਿਨੇਸ਼, ਤੁਸੀਂ ਚੈਂਪੀਅਨਾਂ ਵਿੱਚੋਂ ਇੱਕ ਚੈਂਪੀਅਨ ਹੋ। ਤੁਸੀਂ ਭਾਰਤ ਦਾ ਮਾਣ ਹੋ ਅਤੇ ਹਰ ਭਾਰਤੀ ਲਈ ਪ੍ਰੇਰਣਾ ਹੋ। ਅੱਜ ਦੀ ਅਸਫਲਤਾ ਦੁੱਖ ਦਿੰਦੀ ਹੈ। ਮੇਰੀ ਇੱਛਾ ਹੈ ਕਿ ਮੈਂ ਉਸ ਨਿਰਾਸ਼ਾ ਦੀ ਭਾਵਨਾ ਨੂੰ ਸ਼ਬਦਾਂ ਵਿੱਚ ਬਿਆਨ ਕਰ ਸਕਾਂ ਜਿਸ ਦਾ ਮੈਂ ਅਨੁਭਵ ਕਰ ਰਿਹਾ ਹਾਂ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY




HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਰਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr., Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed Issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6



Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim



ਕੀ ਤੁਹਾਡਾ ਪਿਛਲੇ ਸਮੇਂ ਵਿੱਚ ਕੈਨੇਡਾ ਦਾ ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
✓ PURCHASES
✓ REFINANCES
✓ RENEWALS
✓ DEBT CONSOLIDATION
✓ SELF-EMPLOYED
✓ NEW TO CANADA
✓ HOME RENOVATIONS
✓ PRIVATE MORTGAGE
✓ INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®



CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਤੀਆਂ ਦਾ ਸੱਚ/ਇਲਤੀ ਨਾਮਾ !

# ਮੇਲਾ ਤੀਆਂ ਦਾ, ਧੀਆਂ ਤੁਰ ਗਈਆਂ ਪ੍ਰਦੇਸ਼ !

ਕੁਲਦੀਪ ਮਾਣਕ ਦਾ ਇਹ ਗੀਤ ਚੇਤੇ ਆ ਗਿਆ ਹੈ।ਜੈਤੋਂ ਦੀ ਮਸ਼ਹੂਰ ਮੰਡੀ ਤੇ ਤੀਵੀਂਆਂ ਵਿਕਣ ਲਈ ਆਈਆਂ। ਤੀਵੀਆਂ ਦੀ ਮੰਡੀ ਤੋਂ ਤੀਆਂ ਦਾ ਤਿਉਹਾਰ ਤੱਕ ਦਾ ਸਫਰ ਹੁਣ,ਫੈਸ਼ਨ ਸ਼ੋਅ, ਮਿਸ ਪੰਜਾਬਣ, ਮਿਸ ਦੁਆਬਣ, ਮਿਸ ਇੰਡੀਆ ਤੋਂ ਵਰਲਡ ਪੰਜਾਬਣ ਤੱਕ ਪੁੱਜਾ ਗਿਆ ਹੈ। ਇਸ ਸਫਰ ਦੇ ਅੰਦਰ ਲੁਕਿਆ ਹੋਇਆ ਹੈ ਉਹ ਦਰਦ ਹੈ।ਜਿਸ ਨੂੰ ਬਹੁ ਗਿਣਤੀ ਧੀਆਂ ਭੈਣਾਂ ਨਹੀਂ ਜਾਣਦੀਆਂ ਕਿ ਇਸ ਦੇ ਅਸਲੀ ਕਹਾਣੀ ਕੀ ਐ ? ਇਤਿਹਾਸ ਮੁਤਾਬਕ ਮੁਗਲ ਸਾਮਰਾਜ ਸਮੇਂ ਤੀਵੀਆਂ ਦੀ ਮੰਡੀ ਲੱਗਦੀ ਹੁੰਦੀ ਸੀ। ਮੁਗਲ ਫੌਜਾਂ ਵੱਖੋ ਵੱਖ ਖੇਤਰਾਂ ਵਿੱਚ ਹਮਲੇ ਕਰਕੇ ਕੁੜੀਆਂ ਨੂੰ ਚੱਕ ਕੇ ਲੈ ਜਾਂਦੇ ਸਨ। ਫੇਰ ਉਹਨਾਂ ਨੂੰ ਹਾਰ ਸ਼ਿੰਗਾਰ ਕੇ ਮੰਡੀ ਵਿੱਚ ਪੇਸ਼ ਕੀਤਾ ਜਾਂਦਾ ਸੀ। ਉੱਥੇ ਧਨਾਡ ਬੰਦੇ ਉਹਨਾਂ ਨੂੰ ਖਰੀਦ ਕੇ ਲੈ ਜਾਂਦੇ ਸਨ। ਜਦੋਂ ਇਸ ਗੱਲ ਦਾ ਪਤਾ ਸਿੱਖ ਕੌਮ ਦੇ ਜਥੇਦਾਰਾਂ ਪਤਾ ਲੱਗਿਆ। ਉਹਨਾਂ ਵਿੱਚ ਜਥੇਦਾਰ ਹਰੀ ਸਿੰਘ ਨਲੂਆ ਵਰਗੇ ਹੋਰ ਜਥੇਦਾਰ ਸਨ, ਜਿਹਨਾਂ ਨੇ ਅਫਗਾਨਿਸਤਾਨ ਦੀਆਂ ਮੰਡੀਆਂ ਉੱਪਰ ਹਮਲਾ ਕਰਕੇ ਉਹਨਾਂ ਧੀਆਂ ਭੈਣਾਂ ਨੂੰ ਉਹਨਾਂ ਦੇ ਘਰਾਂ ਦੇ ਵਿੱਚ ਬਾ ਇੱਜਤ ਪੁੱਜਦਾ ਕਰਦੇ ਸਨ।ਇਹ ਮੁਗਲ ਭਾਰਤ ਦੇ ਵਿੱਚੋਂ ਇਹ ਕੁੜੀਆਂ ਚੁੱਕ ਕੇ ਲੈ ਜਾਂਦੇ ਸਨ। ਹੁਣ ਸਮਾਂ ਬਦਲ ਗਿਆ ਹੈ, ਹੁਣ ਬਾਹਰਲੇ ਮੁਲਕਾਂ ਦੇ ਹਾਕਮ ਭਾਰਤ ਦੇ ਉਪਰ ਹਮਲਾ ਨਹੀਂ ਕਰਦੇ ਸਗੋਂ ਇਥੋਂ ਦੇ ਪੈਸੇ ਦੇ ਭੁੱਖੇ ਲੋਕਾਂ ਨੂੰ ਮੂਹਰੇ ਲਾ ਕੇ ਇਹੋ ਜਿਹੇ ਫੈਸ਼ਨ ਸ਼ੋਅ ਕਰਵਾਉਂਦੇ ਰਹਿੰਦੇ ਹਨ। ਇਹ ਫੈਸ਼ਨ ਸ਼ੋਅ ਦੇ ਮਗਰ ਉਹਨਾਂ ਦਾ ਮਕਸਦ ਮੁਨਾਫਾ ਕਮਾਉਣਾ ਹੁੰਦਾ ਹੈ।

ਜਿਉਣੇ ਮੌੜ ਨੇ ਲੁੱਟ ਲੀਆਂ
ਤੀਆਂ ਲੌਂਗੋਂਵਾਲ ਦੀਆਂ ।

ਪਰ ਹੁਣ ਸਭ ਕੁੱਝ ਆਪੇ ਹੀ ਹੋ ਰਿਹਾ ਹੈ । ਧੀਆਂ ਭੈਣਾਂ ਖੁਦ ਹੀ ਇਹਨਾਂ ਦੇ ਜਾਲ ਵਿਚ ਫਸ ਰਹੀਆਂ ਹਨ । ਪੰਜਾਬੀ ਦੇ ਇਕ ਚੈਨਲ ਦਾ ਵੀ ਰੌਲਾ ਪੈ ਗਿਆ ਸੀ । ਜਿਸ ਦੇ ਵਿੱਚ ਇਕ ਯੂਨੀਵਰਸਿਟੀ ਦੀ ਪ੍ਰੋਫੈਸਰਨੀ ਦਾ ਨਾਮ ਬੋਲਦਾ ਸੀ। ਉਦੋਂ ਦੀ ਸਰਕਾਰ ਨੇ ਇਹ ਮਾਮਲਾ ਦਬਾਅ ਲਿਆ ਸੀ। ਕਿਉਂਕਿ ਉਹਨਾਂ ਦਾ ਘਰਦਾ6 ਚੈਨਲ ਸੀ। ਲੋਕ ਕਵੀ ਕੁਲਵੰਤ ਨੀਲੋਂ ਦਾ ਇਹ ਸ਼ੇਅਰ ਯਾਦ ਆਇਆ ਹੈ ।

ਬੜੇ ਬੜੇ ਲੁੱਕ ਜਾਣ ਸਕੈਂਡਲ
ਨੀਲੋਂ ਦਾ ਕੁੱਝ ਨਾ ਲੁੱਕਦਾ,
ਇਸਦੀ ਲੱਗ ਮਾਤਰ ਦੀ ਗਲਤੀ
ਪੁੱਜ ਜਾਂਦੀ ਹੈ ਅਖਬਾਰਾਂ ਤੱਕ।

ਇਹ ਸਭ ਕੁੱਝ ਸਾਡੇ ਸਮਿਆਂ ਦੇ ਵਿੱਚ ਹੋ ਰਿਹਾ ਹੈ । ਹੁਣ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ ਹੈ। ਵਿਦੇਸ਼ਾਂ ਵਿੱਚ ਪੰਜਾਬੀ ਸਭਿਆਚਾਰ ਦੀਆਂ ਸੇਵਾ ਕਰਨ ਵਾਲੀਆਂ ਜਥੇਬੰਦੀਆਂ ਵਲੋਂ ਇਹੋ ਜਿਹੇ ਤੀਆਂ ਦੇ ਮੇਲੇ ਕਰਵਾਉਂਦੀਆਂ ਹਨ। ਇਹਨਾਂ ਨੂੰ ਦੇਖਣ ਵਪਾਰੀ ਅਤੇ ਪੁਜਾਰੀ ਆਉਂਦੇ ਹਨ। ਹੁਣ ਆਪਾਂ ਪਿੰਡ ਦੀ ਗੱਲ ਕਰਦੇ ਹਾਂ। ਗੁਲਸ਼ਨ ਕੋਮਲ ਦਾ ਗੀਤ ਕੰਨੀ ਪਿਆ ਹੈ।

ਮਰਦੀ ਨੇ ਅੱਕ ਚੱਬਿਆ
ਨੀ ਮੈਂ ਹਾਰ ਕੇ ਜੇਠ ਨਾਲ ਲਾਈਆਂ !
ਕਿਸੇ ਫੌਜੀ ਦੇ ਬਾਪੂ ਨੇ ਪੁੱਤ ਨੂੰ ਖਤ ਲਿਖਿਆ
"ਪੁੱਤ ਆਪਣੀ ਕੰਧ ਬਾਹਰ ਨੂੰ ਡਿੱਗਦੀ ਆ ; ਤੇਰਾ ਬਾਪੂ ਕੀ ਕਰੇ ?
ਪੁੱਤ ਨੇ ਟੈਲੀਗ੍ਰਾਮ ਕਰ ਦਿੱਤੀ ।
"ਅੰਦਰ ਹੀ ਸਿੱਟ ਲੋ
ਨਹੀਂ ਲੋਕ ਇੱਟਾਂ ਤੇ ਗਾਰਾ ਵੀ ਲੈ ਜਾਣ ਗੇ !"

ਗੱਲਾਂ ਬਹੁਤ ਹਨ
ਸਾਉਣ ਦਾ ਮਹੀਨਾ ਹੈ
ਤੀਆਂ ਲੱਗ ਰਹੀਆਂ ਹਨ
ਇੱਕ ਨਵੀਂ ਵਿਆਹੀ ਨੇ ਆਪਣੀ ਸੱਸ ਪੁੱਛਿਆ;

"ਬੇ ਜੀ ਮੇਰਾ ਪਤੀ ਕੌਣ ਹੈ ?" (ਨੂੰਹ ਸੀ ਪਹਿਲਾਂ ਪੰਜਾਬ ਕਾਂਗਰਸ ਤੇ ਬਾਦਲ ਦਲ ਤੇ ਹੁਣ ਆਪ ਦਲ ਦੀ) ਤਾਂ ਸੱਸ ਨੇ ਜਵਾਬ ਦਿੱਤਾ "ਪੁੱਤ ਮੈਨੂੰ ਤਾ ਅੱਜ ਤੱਕ ਆਪਣੇ ਪਤੀ ਦਾ ਪਤਾ ਨਹੀਂ ਲੱਗਿਆ ਕਿ ਕੌਣ ਸੀ ? ਤੈਨੂੰ ਚਹੁੰ ਮਹੀਨੇ ਕਿਵੇਂ ਪਤਾ ਲੱਗ ਜੂ ! ਭਾਈ ਤੇਰੇ ਬਾਪੂ ਹੋਰੀ ਪੌਣੀ ਦਰਜਨ ਭਾਈ ਸੀ, ਮੈਂ ਤਾਂ ਚੁੱਲੇ ਟੱਬਰ ਦੀਆਂ ਰੋਟੀਆਂ ਪਕਾਉਦੀ ਬੁੜੀ ਹੋ ਗਈ ਤੇ ਸਾਰਾ ਟੱਬਰ ਪੜ੍ਹਾਇਆ ਤੇ ਵਿਆਹਿਆ, ਤੂੰ ਕੱਲ੍ਹ ਆ ਕੇ ਪੁੱਛਿਆ ਲਿਆ ਕਿ ਮੇਰਾ ਪਤੀ ਕੌਣ ਹੈ ?" ਸ਼ਾਬਸ਼ੇ ਪੁੱਤ ਸਬਰ ਰੱਖ !"

ਤੇਰੀ ਵੀ ਹਾਲਤ ਹੁਣ ਪੰਜਾਬ ਵਰਗੀ ਬਣ ਗਈ । ਜਿਸਦਾ



ਕੋਈ ਵਾਲੀ ਵਾਰਿਸ ਨਹੀਂ, ਸਾਰੇ ਧੁਸ ਦੇਈ ਆਉਦੇ ਆ, ਕੋਈ ਰੋਕ ਟੋਕ ਨਹੀਂ । ਤੇਰੇ ਦਿਉਰਾਂ ਜੇਠਾਂ ਨੇ ਜ਼ਮੀਨਾਂ ਦੇ ਪਲਾਟ ਕੱਟ ਕੱਟ ਵੇਚ ਦਿੱਤੇ ਤੇ ਆਪ ਚਿੱਟਾ ਪੀ ਕੇ ਮਰ ਗਏ ਤੇ ਤੇਰੀਆਂ ਦਰਾਣੀਆਂ ਜੇਠਾਣੀਆਂ ਹੁਣ ਰੋਟੀਆਂ ਨੂੰ ਵਿਲਕਦੀਆਂ ਫਿਰਦੀਆਂ ਨੇ।

ਜਿਵੇਂ ਮਾਣਕ ਗਾਉਂਦਾ ਹੁੰਦਾ ਸੀ।
"ਆ ਲੈ ਸਾਂਭ ਨੀ ਸੈਦੇ ਦੀਏ ਨਾਰੇ ਸਾਥੋਂ ਨੀ ਮੱਝਾਂ ਚਾਰ ਹੁੰਦੀਆਂ !"
ਤੇਰੇ ਘਰ ਵਾਲੇ ਵਿੱਚ ਸਤ ਨੀ ਰਿਹਾ, ਉਹ ਤਾਂ ਹੁਣ ਨਾਮ ਈ ਦਾ ਹੀ ਬੰਦਾ ਹੈ।

ਗਧਾ ਆਦਮੀ ਨੂੰ ਕਹਿੰਦੇ ਹੁੰਦਾ ਆ। "ਬੰਦਾ ਬਣ ਬੰਦਾ !"

ਪਤਾ ਨਹੀਂ ਜਿੱਦਣ ਦਾ ਆ ਦੂਜਾ ਵਿਆਹ ਕਰਵਾਇਆ ਆਪਣੇ ਮਾਸਟਰ ਬਾਪ ਨੂੰ ਹੀ ਭੁੱਲ ਗਿਆ । ਮੈਨੂੰ ਤਾਂ ਬੜੀ ਸ਼ਰਮ ਆਈ ਨੰਦਾ ਵੇਲੇ...ਉਹ ਕਾਲਾ ਜਿਹਾ ਭਈਆ ਜਦ ਬਾਪ ਬਣਾਇਆ !"6"
ਪੁੱਤ ਹੁਣ ਤੂੰ ਸੋਚ ਕਿ ਰਹਿਣਾ ਕੀਹਦੇ ਨਾਲ ਹੈ ?

ਇੱਕ ਦੀ ਬਣ ਜਾ....ਤੈਨੂੰ ਵਿਆਹ ਵੇਲੇ ਦੇਖਿਆ ਸੀ ਕਿ ਤੂੰ ਵਿਗੜੇ ਘਰ ਨੂੰ ਸੰਭਾਲ ਸਕਦੀ ਹੈ।

ਪਹਿਲਾਂ ਤੇਰਾ ਜੇਠ ਕੈਪਟਨ ਤਾਂ ਸਾਰੀ ਉਮਰ ਆਪਣੀ ਛੱਡਕੇ ਮਰਾਸਣ ਦੇ ਨਾਲ ਹੀ ਰਿਹਾ ਤੇ ਘਰ ਬਾਰ ਤਬਾਹ ਕਰ ਗਿਆ। ਤੇਰੇ ਆਲੇ ਨੂੰ ਲੋਕਾਂ ਚੁਣਿਆ ਸੀ...ਤੇ ਹੁਣ ਉਹ ਨੂੰ ਪਾਸੇ ਕਰਕੇ ਆ ਖੁਸਰੇ ਦੀ ਅੱਡੀ ਮੂੰਹੇ9 ਕਹਿੰਦਾ ਮੈਂ ਹੀ ਮੈਂ ਆ ! ਆ ਦੂਆ ਕਾਲਾ ਚਿੜਾ ਜਿਹਾ ਕਹਿੰਦਾ ਮਸਾਂ ਮੌਕਾ ਮਿਲਿਆ, ਦੋਵੇਂ ਹੱਥਾਂ ਨਾਲ ਲੁੱਟੋ

ਪਰ ਮੈਂ ਨਹੀਂ ਇਹਨਾਂ ਦੀ ਚੱਲਣ ਦੇਣੀ, ਡਘਰ ਨਹੀਂ ਵੜਨ ਦੇਣੇ, ਆਉਣ ਦੇ ਕਲਮੂੰਹੇ ਨੂੰ ਕਦੇ ਪਿੰਡ ਨਾ ਜੁੱਤੀਆਂ ਮਾਰੀਆ ਮੈਨੂੰ ਪੰਜਾਬ ਕੁਰ ਨਾ ਕਹੀ ?

ਤੂੰ ਪੰਜਾਬੋ ਗਿੱਧੇ ਵਿੱਚ ਨੱਚਦੀ ਹੀ ਦੇਖੀ ਹੈ ਤੈ ਬੋਲੀ ਸੁਣੀ ਹੋਣੀ
ਧੰਨ ਕੁਰ ਦੌਧਰ ਦੀ ਜੀਹਨੇ ਹੱਥ ਜੋੜ ਕੇ ਗੰਡਾਸੀ ਮਾਰੀ ਸੀ, ਲਾਰਡ ਮਾਉਂਟ ਵੈਟਨ ਵਲੈਤ ਜਾ ਲੁਕਿਆ ਸੀ ।
ਹੁਣ ਦੇਖੀ ਬੁੜਕਦੀ ਪੰਜਾਬ ਕੁਰ ਦੀ ਡਾਂਗ ?
ਬਾਬਾ ਵਿਸਾਖਾ ਸਿਓ ਕਹਿੰਦਾ
ਆ ਜੋ ਜੀਹਨੇ ਨੱਚਣਾ ਖੰਡੇ ਦੀ ਧਾਰ 'ਤੇ
ਬਾਬਾ ਕਹਿੰਦਾ ਹੁਣ ਭਾਈ ਕਿਥੇ ਨੱਚ ਹੁੰਦਾ ਹੈ
ਸਿਰੀ ਸਾਹਿਬ ਵੀ ਹੁਣ ਝੱਗੇ ਥੱਲੇ ਕਰ ਲੀ
ਅਸੀਂ ਨਾ ਗੁਰੂ ਨਾਨਕ ਜੀ ਦੀ ਮੰਨੀ
ਨਾ ਗੁਰੂ ਗੋਬਿੰਦ ਸਿੰਘ ਜੀ
ਨਾ ਅਸੀਂ ਲਿਖਣ ਜੋਗੇ ਰਹੇ, ਨਾ ਲੜਨ ਜੋਗੇ ਰਹੇ !
ਅਸੀਂ ਤਾਂ ਕੋਈ ਬਾਬਾ ਬੰਦਾ ਸਿੰਘ ਬਹਾਦਰ ਉਡੀਕ ਰਹੇ ਹਾਂ !
ਧੂੜ ਉਡ ਰਹੀ ਹੈ..
ਤੂਫਾਨ ਆ ਰਿਹਾ ਹੈ
ਪੰਜਾਬ ਸਿਉ ਤੇ ਪੰਜਾਬ ਕੁਰ ਹੁਣ ਆਪ ਉਠਿਆ ਹੈ !

ਬਾਕੀ ਵਾਹਿਗੁਰੂ ਦੀ ਮਰਜ਼ੀ ਆ

ਇਲਤੀ ਬਾਬਾ ਕਰੇ ਕਲੋਲ
ਮੈਂ ਤਾਂ ਬੋਲਦਾ ਹੁਣ ਤੂੰ ਵੀ ਬੋਲ।

"ਇੱਕ ਇਹ ਵੀ ਸੱਚ ਐ !"9

ਤੀਆਂ ਦਾ ਤਿਉਹਾਰ ਅੱਜ-ਕੱਲ੍ਹ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਸਕੂਲਾਂ, ਕਾਲਜਾਂ, ਯੁਨੀਵਰਸਿਟੀਆ ਤੇ ਪੂਰੇ ਵਿਸ਼ਵ ਪੱਧਰ ਤੇ ਤੀਆਂ ਦੇ ਫਸਟੀਏਬਲ ਹੁੰਦੇ ਹਨ। ਤੀਆਂ ਦੇ ਥਾਂ-ਥਾਂ ਮੇਲੇ ਵੀ ਲੱਗਦੇ ਹਨ, ਜਿਸ ਵਿੱਚ ਕੁੜੀਆਂ ਸੱਜ ਧਜ ਕੇ ਆਉਂਦੀਆਂ ਹਨ ਤੇ ਨੱਚਦੀਆਂ, ਗਾਉਂਦੀਆਂ ਤੇ ਗਿੱਧਾ ਪਾਉਂਦੀਆਂ ਹਨ। ਪਰ ਤੀਆਂ ਦਾ ਅਸਲ ਸੱਚ ਬਹੁਤ ਘੱਟ ਲੋਕ ਜਾਣਦੇ ਹੋਣਗੇ।ਉਸ ਸਮੇਂ ਤੀਆਂ ਸ਼ਬਦ ਕੁੜੀਆਂ ਲਈ ਹੀ ਵਰਤਿਆ ਜਾਦਾਂ ਸੀ ਭਾਵ ਤੀਆਂ ਕੁੜੀਆਂ ਨੂੰ ਹੀ ਕਿਹਾ ਜਾਂਦਾ ਸੀ। ਕਈ ਵਿਦਵਾਨਾਂ ਤੇ ਇਤਿਹਾਕਾਰਾਂ ਦੇ ਅਨੁਸਾਰ ਪੰਜਾਬ ਵਿੱਚ ਤੀਆਂ ਨੂੰ ਔਰਗਜ਼ੇਬ ਨੇ ਸ਼ੁਰੂ ਕੀਤਾ ਸੀ। ਇਹ ਸਾਉਣ ਦੇ ਮਹੀਨੇ ਵਿੱਚ ਸ਼ੁਰੂ ਹੋਈਆ ਸੀ, ਬਾਦਸ਼ਾਹਾਂ ਵੱਲੋਂ ਪਿੰਡਾਂ ਦੀਆਂ ਕੁੜੀਆਂ,ਬਹੂਆਂ ਨੂੰ ਇੱਕਠਾ ਕਰਨ ਲਈ ਪਿੰਡ ਵਿੱਚ ਢੋਡੋਰਾ ਫੇਰਿਆ ਜਾਦਾ ਸੀ, ਤੇ ਕੁੜੀਆਂ,ਬਹੂਆਂ ਨੂੰ ਸੱਜ ਧੱਜ ਕੇ ਆਉਂਣ ਲਈ ਕਿਹਾ ਜਾਂਦਾ ਸੀ ਤਾਂ ਕਿ ਉਹ ਦੁਹਲਨ ਦੀ ਤਰ੍ਹਾਂ ਲੱਗਣ। ਜੋ ਕੁੜੀ ਜਾਂ ਬਹੂ ਨਾ ਆਉਂਦੀ ਤਾਂ ਉਸ ਨੂੰ ਨੰਗਾਂ ਕਰਕੇ ਨੱਚਾਇਆ ਜਾਂਦਾ ਤੇ ਜਲੀਲ ਕੀਤਾਂ ਜਾਦਾ ਸੀ, ਇਸ ਤਰ੍ਹਾਂ ਮਜ਼ਬੂਰਨ ਕੁੜੀਆਂ ਨੂੰ ਸੱਜ ਧੱਜ ਕੇ ਹਾਰ-ਸਿੰਗਾਰ ਕਰ ਕੇ ਇੱਕਠੇ ਹੋਣਾ ਪੈਦਾ। ਇਹ ਇੱਕ ਤਰ੍ਹਾਂ ਦੀ ਕੁੜੀਆਂ ਬਹੂਆਂ ਦੀ ਇੱਕ ਮੰਡੀ ਲਾਈ ਜਾਂਦੀ ਸੀ। ਜਿਸ ਵਿੱਚ ਬਦਸਾਹ, ਵਜ਼ੀਰ,ਮੰਤਰੀ ਉੱਥੇ ਆਉਂਦੇ ਸਨ, ਕੁੜੀਆਂ ਉਹਨਾਂ ਸਾਹਮਣੇ ਨੱਚਦੀਆਂ, ਗਾਉਂਦੀਆਂ, ਉਹਨਾਂ ਦਾ ਮਨੋਰੰਜਨ ਕਰਦੀਆਂ ਸੀ ਅਤੇ ਬਾਦਸ਼ਾਹ ਸਭ ਕੁੜੀਆਂ ਨੂੰ ਚੰਗੀ ਤਰ੍ਹਾਂ ਦੇ ਦੇਖਦਾ ਸੀ। ਫੇਰ ਇਹਨਾਂ ਕੁੜੀਆਂ ਵਿੱਚੋਂ ਜੋ ਉਸ ਨੂੰ ਸੋਹਣੀ ਜਾਂ ਪੰਸਦ ਆ ਜਾਂਦੀ ਤਾਂ ਉਹ ਉਸਨੂੰ ਚੱਕ ਕੇ ਨਾਲ ਲੈ ਜਾਂਦੇ ਸੀ ਤੇ ਫਿਰ ਉਹਨਾਂ ਕੁੜੀਆਂ ਦੀ ਇਜ਼ਤ ਲੁੱਟਦੇ ਉਹਨਾਂ ਨੂੰ ਆਪਦੀ ਹਵਸ਼ ਦਾ ਸ਼ਿਕਾਰ ਬਣਾ ਕੇ ਛੱਡ ਦਿੰਦੇ ਸੀ, ਕਈਆਂ ਨੂੰ ਤਾਂ ਮਹਿਲਾਂ ਵਿੱਚ ਹੀ ਵੇਸਵਾ ਦੀ ਤਰ੍ਹਾਂ ਸਾਰੀ ਜਿੰਦਗੀ ਰਹਿਣਾ ਪੈਦਾ ਸੀ, ਇੱਥੋਂ ਤੱਕ ਸੈਨਿਕ ਅਤੇ ਹੋਰ ਕਰਮਚਾਰੀ ਵੀ ਕੁੜੀਆਂ ਨਾਲ ਇੰਝ ਕਰਦੇ ਸੀ। ਉਹ ਤੀਆਂ ਦੇ ਦਾ ਪੂਰਾ ਫ਼ਾਇਦਾ ਉਠਾਉਂਦੇ ਸੀ। ਹੌਲੀ-ਹੌਲੀ ਇਹ ਰੀਤ ਬਣ ਗਿਆ ਤੇ ਇਸ ਤਰ੍ਹਾਂ ਇਹ ਬਹੁਤ ਵੱਡਾ ਤਿਉਹਾਰ ਬਣ ਗਿਆ। ਅੱਜ ਕੱਲ੍ਹ ਇਸਦੇ ਮੇਲੇ ਲੱਗਦੇ ਹਨ। ਜਦੋਂ ਕਿ ਇਹ ਸਾਨੂੰ ਜ਼ਲੀਲ ਤੇ ਸ਼ਰਮਨਾਕ ਕਰਨ ਵਾਲਾ ਕਾਰਨਾਮਾ ਸੀ ਤੇ ਅਸੀਂ ਅੱਜ ਇਸ ਨੂੰ ਤਿਉਹਾਰਾਂ, ਮੇਲਿਆਂ,ਪ੍ਰੋਗਰਾਮਾਂ ਦਾ ਰੂਪ ਦੇ ਰਹੇ ਹਾਂ ਇਹ ਲਈ ਬੜੀ ਸ਼ਰਮਸਾਰ ਗੱਲ ਹੈ। ਉਸ ਸਮੇਂ ਤੀਆਂ ਲਾਉਣਾ ਦੇਸ਼ ਦੀ ਗੁ਼ਲਾਮੀ ਤੇ ਕੁੜੀਆਂ ਮਜ਼ਬੂਰੀ ਸੀ, ਉਹਨਾਂ ਨੂੰ ਅਜਿਹਾ ਕਰਨ ਲਈ ਬਹੁਤ ਕੁਝ ਸਹਿਣਾ ਪੈਂਦਾ ਸੀ, ਇੱਥੋਂ ਤੱਕ ਕਿ ਆਪਣੀ ਜਾਨ ਵੀ ਗਵਾਉਣੀ ਪੈਂਦੀ ਸੀ। ਪਰ ਅੱਜ ਤੀਆਂ ਲਾਉਣਾ ਕੁੜੀਆਂ ਆਪਣਾ ਮਾਣ ਸਮਝਦੀਆਂ ਨੇ ਜਿਵੇਂ ਕਿ ਇਹ ਉਹਨਾਂ ਦੀ ਬਹਾਦਰੀ ਹੋਵੇ। ਇਸ ਨੂੰ ਦੇਖ ਕੇ ਅਸੀਂ ਕਹਿ ਸਕਦੇ ਹਾਂ ਕਿ ਅਸੀਂ ਉਂਝ ਅਜ਼ਾਦ ਹੋ ਗਏ ਹਾਂ ਪਰ ਮਾਨਸਿਕ ਗੁ਼ਲਾਮੀ ਚੋਂ ਅੱਜ ਤੱਕ ਨਹੀਂ ਨਿਕਲੇ। ਅਸੀਂ ਆਪਣਾ ਇਤਿਹਾਸ ਨਹੀਂ ਫੋਰੋਲਦੇ ਜਿਵੇਂ ਕੋਈ ਰੀਤ-ਰਿਵਾਜ਼ ਜਾ ਤਿਉਹਾਰ ਹੈ ਉਸ ਨੂੰ ਉਵੇਂ ਹੀ ਮੰਨਦੇ ਆ ਰਹੇ ਹਾਂ। ਚਲੋਂ ਪਹਿਲਾਂ ਤਾਂ ਜ਼ਿਆਦਾ ਅਨਪੜ੍ਹ ਸੀ ਹੁਣ ਤਾਂ ਅਸੀਂ ਬਹੁਤ ਪੜ੍ਹੇ-ਲਿਖੇ ਹੋ ਗਏ। ਅਫ਼ਸ਼ੋਸ਼ ਕਿ ਅਸੀਂ ਹੁਣ ਵੀ ਆਪਣੇ ਇਤਿਹਾਸ ਨੂੰ ਨਹੀਂ ਫਰੋਲਦੇ, ਨਹੀਂ ਪੜਦੇ, ਨਹੀਂ ਸਮਝਦੇ। ਸੋ ਸਾਨੂੰ ਲੋੜ ਹੈ ਆਪਣੇ ਇਤਿਹਾਸ ਨੂੰ ਫਰੋਲਣ ਦੀ, ਪੜਨ ਦੀ, ਸਮਝਣ ਦੀ। ਸਾਨੂੰ ਲੋੜ ਹੈ ਸਮੇਂ ਨੂੰ ਬਦਲਣ ਦੀ ਤੇ ਸੱਚ ਉਤੇ ਚੱਲਣ ਦੀ। ਪਰ ਅਸੀਂ ਤਾਂ ਖੁਦ ਧੀਆਂ ਪੁੱਤਰਾਂ ਦੇ ਵਪਾਰੀ ਬਣ ਗਏ ਹਾਂ। ਕਿਸੇ ਨੂੰ ਕੀ ਸਮਝਦੇ ਹਾਂ?



ਬੁੱਧ ਸਿੰਘ ਨੀਲੋਂ,
9464370823

# ਜਿੱਥੇ ਬੰਦਾ ਮਾਰ ਕੇ ਕਸੂਰ ਪੁੱਛਦੇ, ਜੱਟ ਉਸ ਪਿੰਡ ਤੋਂ ਬਿਲੌਂਗ ਕਰਦਾ...,

ਕਨੇਡਾ ਦੇ ਮੇਨਸਟਰੀਮ ਮੀਡੀਆ ਵਿੱਚ ਪਿਛਲੇ ਕੁਝ ਦਿਨਾਂ ਤੋਂ ਇੱਕ ਵੀਡੀਓ (ਹੇਠਾਂ ਵੀਡੀਓ ਦੇਖ ਸਕਦੇ ਹੋ) ਸੁਰਖੀਆਂ ਵਿੱਚ ਬਣੀ ਹੋਈ ਸੀ, ਜਿਸ ਵਿੱਚ ਕੁਝ ਸਿੱਖ ਅਖ47 ਜਾਂ ਉਸ ਤੋਂ ਵੱਡੀਆਂ ਮਾਰੂ ਮਸ਼ੀਨਗੰਨਾਂ ਨਾਲ਼ ਸਰੀ ਵਿੱਚ ਇੱਕ ਵਿਆਹ ਦੀ ਪਾਰਟੀ ਵਿੱਚ ਮੂਸੇਵਾਲ਼ੇ ਦੇ ਗੀਤ-ਜਿੱਥੇ ਬੰਦਾ ਮਾਰ ਕੇ ਕਸੂਰ ਪੁੱਛਦੇ, ਜੱਟ ਉਸ ਪਿੰਡ ਤੋਂ ਬਿਲੌਂਗ ਕਰਦਾ…, 'ਤੇ ਭੰਗੜੇ ਪਾ ਰਹੇ ਸਨ। ਵੈਨਕੂਵਰ ਸੰਨ ਦੀ ਰਿਪੋਰਟ ਅਨੁਸਾਰ ਫ਼ੈਡ ਨੇ ਕਾਰਵਾਈ ਕਰਦਿਆਂ, ਇੱਕ ਘਰ ਵਿੱਚੋਂ ਕਈ ਹਥਿਆਰ ਬਰਾਮਦ ਕਰ ਲਏ ਹਨ। ਪੁਲਿਸ ਨੇ ਅਜੇ ਕਿਸੇ ਵਿਅਕਤੀ ਨੂੰ ਚਾਰਜ ਨਹੀਂ ਕੀਤਾ, ਪਰ ਵੀਡੀਓ ਵਿੱਚ ਮਸ਼ੀਨਗੰਨਾਂ ਨਾਲ਼ ਭੰਗੜਾ ਪਾ ਰਹੇ ਸਿੰਘਾਂ ਤੋਂ ਪੁੱਛ-ਗਿੱਛ ਜਾਰੀ ਹੈ। ਯਾਦ ਰਹੈ, ਜਿੱਥੇ ਅਜਿਹੇ ਹਥਿਆਰਾਂ 'ਤੇ ਭੰਗੜੇ ਪਾ ਰਹੇ ਸਨ, ਉੱਥੇ ਮਾਈਨਰ ਬੱਚੇ ਵੀ ਹਾਜਿਰ ਸਨ। ਇਹ ਵੀ ਸੁਣਨ 'ਚ ਆ ਰਿਹਾ ਹੈ ਕਿ ਏ ਕੇ 47 ਨਾਲ਼ ਸ਼ਰੇਆਮ ਪਬਲਿਕ ਵਿੱਚ ਫਾਇਰ ਵੀ ਕੀਤੇ ਗਏ।

ਪਿਛਲੇ ਕੁਝ ਸਮੇਂ ਤੋਂ ਕਨੇਡਾ-ਅਮਰੀਕਾ ਦੀਆਂ ਸਰਕਾਰਾਂ ਨੇ ਫਰੀਡਮ ਆਫ ਸਪੀਚ ਦੇ ਨਾਮ 'ਤੇ ਕੁਝ ਸਪੈਸ਼ਲ ਇੰਟਰਸਟ ਗਰੁੱਪਾਂ ਨੂੰ ਵਿਸ਼ੇਸ਼ ਮਕਸਦ ਲਈ ਵਰਤਣ ਵਾਸਤੇ ਕੁਝ ਵੀ ਕਰਨ ਦੀ ਖੁੱਲ੍ਹ ਦਿੱਤੀ ਹੋਈ ਹੈ। ਜਦੋਂ ਸਰਕਾਰਾਂ ਜਾਂ ਪੁਲਿਸ ਪ੍ਰਸ਼ਾਸਨ ਆਪਣੇ ਸੌੜੇ ਰਾਜਸੀ ਹਿੱਤਾਂ ਲਈ ਹਿੰਸਾ ਕਰਨ, ਹਿੰਸਾ ਦੀ ਵਕਾਲਤ ਕਰਨ, ਹਿੰਸਾ ਨੂੰ ਉਤਸ਼ਾਹਿਤ ਕਰਨ ਦੀ ਖੁੱਲ੍ਹ ਦੇ ਦਿੰਦੇ ਹਨ ਤਾਂ ਹਿੰਸਕ ਪ੍ਰਵਿਰਤੀ ਅਤੇ ਜਰਾਇਮਪੇਸ਼ਾ ਬਿਰਤੀ ਦੇ ਲੋਕ ਬੇਕਾਬੂ ਹੋ ਕੇ ਸਮਾਜ ਦਾ ਵੱਡਾ ਨੁਕਸਾਨ ਕਰਦੇ ਹਨ। ਬਾਜ਼ੀ ਪੁੱਠੀ ਪੈਣ 'ਤੇ ਫਿਰ ਸਰਕਾਰਾਂ ਨੂੰ ਅਜਿਹੇ ਅਨਸਰਾਂ ਨੂੰ ਕਾਬੂ ਕਰਨ ਲਈ ਵੱਡੇ ਐਕਸ਼ਨ ਲੈਣੇ ਪੈਂਦੇ ਹਨ ਤਾਂ ਹੋਰ ਵੱਡੇ ਨੁਕਸਾਨ ਹੁੰਦੇ ਹਨ। ਪਰ ਰੋਹ ਸਿਲਸਿਲਾ ਲਗਾਤਾਰ ਚੱਲਦਾ ਸ਼ਾ ਰਿਹਾ ਹੈ, ਸੌੜੀ ਸੋਚ ਵਾਲੇ ਰਾਜਸੀ ਲੀਡਰ ਇਤਿਹਾਸ ਤੋਂ ਕੁਝ ਸਬਕ ਨਹੀ ਸਿੱਖਦੇ।

ਕਨੇਡਾ ਸਰਕਾਰ ਨੇ ਜੋ ਰਾਹ ਚੁਣਿਆ ਹੋਇਆ ਹੈ। ਉਸ ਨਾਲ਼ ਅਖਬਾਰ ਗਲੋਬ ਐਂਡ ਮੇਲ ਦੀ ਇੱਕ ਰਿਪੋਰਟ ਅਨੁਸਾਰ ਕਨੇਡਾ ਹੁਣ ਗੈਂਗਸਟਰਾਂ, ਅਪਰਾਧੀਆਂ, ਅੱਤਵਾਦੀਆਂ, ਨਸ਼ਾ ਤਸਕਰਾਂ, ਕਾਲੇ ਧਨ ਦੇ ਸੁਦਾਗਰਾਂ ਲਈ ਸਵਰਗ ਬਣ ਚੁੱਕਾ ਹੈ। ਜੇ ਸਰਕਾਰਾਂ ਤੇ ਪ੍ਰਸ਼ਾਸਨ ਦਾ ਵਤੀਰਾ ਅਜਿਹਾ ਹੀ ਰਿਹਾ ਤਾਂ ਕਨੇਚਾ ਦੇ ਹਾਲਾਤ ਬਹੁਤ ਜਲਦ ਖਤਰਨਾਕ ਮੋੜ ਲੈ ਸਕਦੇ ਹਨ। ਨੈਸ਼ਨਲ ਪੋਸਟ ਦੀ ਇੱਕ ਰਿਪੋਰਟ ਅਨੁਸਾਰ ਟਰੂਡੋ ਦੇ 8-9 ਸਾਲਾਂ ਦੇ ਰਾਜ ਵਿੱਚ ਕਤਲ, ਫਿਰੌਤੀਆਂ, ਡਰੱਗ ਓਵਰਡੋਜ਼, ਡਰੱਗ ਸਮਗਲਿੰਗ, ਗੈਂਗਵਾਰ, ਚੋਰੀਆਂ, ਡਾਕੇ ਆਦਿ ਦੇ ਜੁਰਮ ਸਾਲ ਦਰ ਸਾਲ ਵੱਧਦੇ ਜਾ ਰਹੇ ਹਨ। ਕਨੇਡਾ ਦੇ ਇਤਿਹਾਸ ਵਿੱਚ ਇਸ ਵਕਤ ਸਭ ਤੋਂ ਵੱਧ ਜੁਰਮ ਹੋ ਰਹੇ ਹਨ। ਮਹਿੰਗਾਈ, ਬੇਰੁਜਗਾਰੀ, ਕੁਰੱਪਸ਼ਨ, ਇਮੀਗ੍ਰੇਸ਼ਨ ਕਰਾਈਸਿਸ ਸਿੱਖਰਾਂ 'ਤੇ ਹੈ।

ਹਰਚਰਨ ਸਿੰਘ ਪ੍ਰਹਾਰ

CANADIAN TRUCK TRAINING CENTRE





ਹਰਪਾਲ ਸਿੰਘ ਮਾਨ

ਤਸੱਲੀਬਕਸ਼ ਸੇਵਾਵਾਂ ਲਈ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

# ਵੋਟਾਂ ਬਨਾਮ ਵੋਟਰ



ਪੈਂਦੀ ਹੈ ਗਰਮੀ,ਕੱਢਦੀ ਹੈ ਵੱਟ।

ਵੋਟਾਂ ਵੇਲੇ ਲੀਡਰਸ਼ਿਪ ਤੇ ਪੈਂਦੀ ਹੈ ਸੱਟ।

ਭਾਰਤ ਲੋਕਤੰਤਰੀ ਦੇਸ਼ ਹੈ।ਘੱਟ ਗਿਣਤੀ ਅਤੇ ਬਹੁ-ਗਿਣਤੀ ਹੀ ਲੀਡਰਸ਼ਿਪ ਨੂੰ ਹਮੇਸ਼ਾ ਹੀ ਸਸੋਪੰਜ ਵਿਚ ਪਾ ਕੇ ਰੱਖਦੀ ਹੈ।ਭਾਰਤ ਵਿੱਚ ਕਦੇ ਪੰਚਾਇਤੀ, ਨਗਰ-ਨਿਗਮ, ਨਗਰਪਾਲਿਕਾ, ਬਲਾਕ ਸੰਮਤੀ,ਜਿਲਾ ਪ੍ਰੀਸ਼ਦ, ਵਿਧਾਨ ਸਭਾ,ਲੋਕ ਸਭਾ,ਰਾਜ ਸਭਾ ,ਜਿਮਨੀ ਆਦਿਕ ਵੋਟਾਂ ਦਾ ਸਿਲਸਿਲਾ ਚੱਲਦਾ ਰਹਿੰਦਾ ਹੈ।ਵੋਟਾਂ ਦੌਰਾਨ ਚੋਣ ਜਾਬਤਾ ਲੱਗਣਾ ਵੀ ਸੁਭਾਵਿਕ ਹੈ।ਇਸ ਨਾਲ ਮੁਲਾਜ਼ਮ ਵਰਗ ਦੇ ਕੰਮ , ਪਬਲਿਕ ਦੇ ਲੋਕ ਭਲਾਈ ਦੇ ਕੰਮ ਚੋਣ ਜਾਬਤੇ ਦੌਰਾਨ ਖੜੋਤ ਵਿਚ ਆ ਜਾਂਦੇ ਹਨ।

ਚੋਣਾਂ ਬਹੁਤ ਖਰਚੀਲੀਆਂ ਹੁੰਦੀਆਂ ਜਾਪਦੀਆਂ ਹਨ।ਹਰੇਕ ਉਮੀਦਵਾਰ ਵੋਟਰ ਨੂੰ ਭਰਮਾਉਣ ਲਈ ਹਰ ਤਰਾਂ ਦਾ ਹੀਲਾ ਵਸੀਲਾ ਵਰਤਦਾ ਹੈ।ਰਾਜਨੀਤਿਕ ਪਾਰਟੀਆਂ ਲੋਕ ਲੁਭਾਉਣੇ ਵਾਅਦੇ ਅਤੇ ਨਾਹਰੇ ਦਿੰਦੀਆਂ ਹਨ। ਵੱਡੇ ਵੱਡੇ ਚੋਣ ਜਲਸੇ ਕੀਤੇ ਜਾ ਰਹੇ ਹਨ। ਚੋਣ ਜਲਸੇ ਵਿਚ ਇਕੱਠ ਵਿਖਾਉਣ ਲਈ ਗਰੀਬ ਮਜਦੂਰ ਨੂੰ ਉਜਰਤ ਦਿੰਦੇ ਵੀ ਸੁਣਿਆ ਗਿਆ ਹੈ।ਸ਼ਰਾਬ ਦੀ ਵਰਤੋਂ ਆਮ ਵੇਖਣ ਨੂੰ ਮਿਲਦੀ ਹੈ।ਵੋਟ ਨੂੰ ਖਰੀਦਣ ਦੀ ਪਿਰਤ ਵੀ ਪਈ ਜਾਪਦੀ ਹੈ।ਵੋਟ ਵੇਚਣੀ ਵੀ ਕਈ ਲੋਕ ਫਰਜ ਸਮਝਦੇ ਹਨ।ਆਟਾ ਦਾਲ ਵਰਗੀਆਂ ਸਕੀਮਾਂ ਨੂੰ ਹੀ ਵੱਡੀ ਪ੍ਰਾਪਤੀ ਸਮਝਦੇ ਹਨ।

ਵੋਟਾਂ ਦੌਰਾਨ ਲੋਕਾਂ ਦੇ ਲੜਾਈ ਝਗੜੇ ਵੀ ਆਮ ਵੇਖਣ ਨੂੰ ਮਿਲਦੇ ਹਨ। ਕਈ ਵਾਰ ਗਲੀ ਮੁਹੱਲਿਆਂ ਵਿੱਚ ਵੀ ਪਾਰਟੀਬਾਜ਼ੀ ਕਰਕੇ ਵੈਰ ਪਾ ਲੈਂਦੇ ਹਨ। ਇਕ ਦੂਜੇ ਨੂੰ ਗਹਿਰੀ ਅੱਖ ਨਾਲ ਦੇਖਦੇ ਹਨ। ਉਮੀਦਵਾਰ, ਉਮੀਦਵਾਰ ਦੇ ਪ੍ਰੀਵਾਰ ਅਤੇ ਨਜ਼ਦੀਕੀਆਂ ਦੀ ਨੀਂਦ ਫੰਗ ਲਾ ਕੇ ਉਡਦੀ ਹੈ,ਫਿਰ ਦਿਨ ਰਾਤ ਭੱਜੇ ਫਿਰਦੇ ਹਨ। ਕਈ ਵਾਰ ਉਮੀਦਵਾਰ ਪਬਲਿਕ ਦੇ ਸਵਾਲ ਜਵਾਬ ਤੋਂ ਭੱਜਦੇ ਹਨ।

ਅੱਜ ਕੱਲ ਰਾਜਨੀਤਿਕ ਪਾਰਟੀਆਂ ਦਾ ਕੰਮ ਵੀ ਵਧੀਆ ਨਹੀ। ਕਈਆਂ ਨੂੰ ਚੋਣ ਵਿਚ ਉਤਾਰਨ ਲਈ ਉਮੀਦਵਾਰ ਇਧਰ ਉਧਰ ਤੋ ਹੀ ਲੱਭਣੇ ਪਏ ਹਨ। ਪਾਰਟੀਆਂ ਵਿਚ ਵੀ ਖੁਦਗਰਜ਼ੀ ਜਿਆਦਾ ਭਾਸਦੀ ਹੈ।ਲਾਲਚ ਵਸ ਪਾਰਟੀ ਮਿੰਟਾਂ ਵਿਚ ਬਦਲ ਲੈਂਦੇ ਹਨ। ਸਿਆਣੇ ਕਹਿੰਦੇ ਆ ਕਿ ਜੇ ਕਿਸੇ ਨੇ ਆਪਣੇ ਪੋਤੜੇ ਫਰੋਲਣੇ ਹੋਣ ਤਾਂ ਚੋਣਾਂ ਵਿੱਚ ਉਮੀਦਵਾਰ ਬਣਜੇ।ਤਾਂ ਲੋਕ ਅਗਲੇ ਪਿਛਲੇ ਕੀਤੇ ਚੰਗੇ ਮਾੜੇ ਕਰਮਾਂ ਦਾ ਚਿਠਾ ਖੋਲ ਕੇ ਰੱਖ ਦਿੰਦੇ ਹਨ। ਸਿਆਸਤਦਾਨਾਂ ਵਿੱਚ ਕ੍ਰਿਮਿਨਲ ਲੋਕਾਂ ਦਾ ਬੋਲ ਬਾਲਾ ਜਿਆਦਾ ਦਿਸਦਾ ਹੈ।

ਵੋਟ ਪਾਉਣ ਦਾ ਅਧਿਕਾਰ ਸੰਵਿਧਾਨ ਅਨੁਸਾਰ ਮਿਲਿਆ ਹੈ।ਵੋਟ ਹਮੇਸ਼ਾ ਹੀ ਸੋਚ ਸਮਝ ਕੇ ਜਮੀਰ ਦੀ ਆਵਾਜ ਸੁਣ ਕੇ ਪਾਉਣੀ ਚਾਹੀਦੀ ਹੈ,ਨਾ ਕੇ ਲਾਈਲੱਗ ਬਣਕੇ।ਰੋਜ਼ਗਾਰ ਦੇਣਾ ਚਾਹੀਦਾ, ਵਿਦਿਆ/ਸਿੱਖਿਆ ਮੁਫਤ ,ਮੈਡੀਕਲ ਇਲਾਜ ਫ੍ਰੀ ਚਾਹੀਦਾ।ਅਗਰ ਸਰਕਾਰਾਂ ਹਰੇਕ ਘਰ ਵਿੱਚ ਰੋਜ਼ਗਾਰ ਮੁਹੱਈਆ ਕਰਵਾਵੇ,ਤਾਂ ਆਟਾ ਦਾਲ ਵਰਗੀਆਂ ਸਕੀਮਾਂ ਜਾਣ ਢੱਠੇ ਖੂਹ ਵਿਚ। ਸਮਾਜ ਵੱਲੋਂ ਵਧੀਆ ਸੋਚ ਨਾਲ ਵੋਟ ਦਾ ਇਸਤੇਮਾਲ ਕਰਨ ਦੀ ਆਸ ਵਿਚ ਤੁਹਾਡਾ ਆਪਣਾ।



ਹਰਜਿੰਦਰ ਸਿੰਘ ਖੰਨਾ
62805-89127



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਕਲਪਨਾ ਦਾ ਅਰਥ

ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਕੋਈ ਸੰਤੁਸ਼ਟ ਵਿਅਕਤੀ ਮਨੋ ਕਲਪਨਾ ਨਹੀਂ ਬੁਣਦਾ ਸਿਰਫ਼ ਅਸੰਤਸਟ ਹੀ ਮਨੋ ਕਲਪਨਾਵਾਂ ਬੁਣਦੇ ਹਨ। ਮਨੋਕਲਪਨਾਵਾ ਦੀ ਪ੍ਰੇਰਕ ਸ਼ਕਤੀ ਨਾ ਪੂਰੀਆਂ ਹੋਈਆਂ ਇਛਾਵਾਂ ਹੁੰਦੀਆਂ ਹਨ ਅਤੇ ਹਰ ਇਕ ਮਨੋਕਲਪਨਾ ਇਛਾ ਪੂਰਤੀ ਅਸਲੀ ਜੀਵਨ ਵਿਚ ਅਸੰਤੋਸ਼ ਦੀ ਭਰਪਾਈ ਦੀ ਭਾਂਤਿ ਹੁੰਦੀ ਹੈ।

ਇਹ ਪ੍ਰੇਰਕ ਇਛਾਵਾਂ ਮਨੋਕਲਪਨਾ ਕਰਨ ਵਾਲਿਆਂ ਦੇਲਿੰਗ ਚਰਿਤ੍ਰ ਪ੍ਰਸਥਿਤੀਆਂ ਦੇ ਮੁਤਾਬਿਕ ਵੱਖੋ ਵੱਖਰੀਆਂ ਹੁੰਦੀਆਂ ਹਨ। ਪਰੰਤੂ ਸੁਭਾਵਿਕ ਤੌਰ ਤੇ ਦੋ ਮੁੱਖ ਸਮੂਹਾਂ ਵਿੱਚ ਵੰਡੀਆਂ ਹੁੰਦੀਆਂ ਹਨ। ਵੱਡਪਣ ਵਾਲੀਆਂ ਇਛਾਵਾਂ ਵਿਅਕਤੀਤਵ ਨੂੰ ਉੱਚਾ ਚੁਕਣ ਵਿੱਚ ਮਦਦਗਾਰ ਹੁੰਦੀਆਂ ਹਨ। ਅਤੇ ਦੂਜੀਆਂ ਕਾਮਵਾਸਨਾ ਨਾਲ ਸੰਬੰਧਿਤ ਹੁੰਦੀਆਂ ਹਨ।

ਨੌਜਵਾਨ ਔਰਤਾਂ ਵਿੱਚ ਕਾਮਵਾਸਨਾ ਦੀਆਂ ਇਛਾਵਾਂ ਦੀ ਪ੍ਰਧਾਨਤਾ ਹੁੰਦੀ ਹੈ। ਕਿਉਂਕਿ ਉਹਨਾਂ ਦੀਆਂ ਮਨੋਕਲਪਨਾਵਾ ਕਾਮਵਾਸਨਾ ਨਾਲ ਸੁਭਾਵਿਕ ਤੌਰ ਤੇ ਜੁੜੀਆਂ ਹੁੰਦੀਆਂ ਹਨ।

ਨੌਜਵਾਨ ਮਰਦਾਂ ਵਿੱਚ ਘੰਮਡ ਅਤੇ ਵਡੱਪਣ ਨਾਲ ਜੁੜੀਆਂ ਇਛਾਵਾਂ ਕਾਮ ਵਾਸਨਾ ਦੇ ਨਾਲ ਨਾਲ ਸਪੱਸ਼ਟ ਰੂਪ ਵਿੱਚ ਪ੍ਰਗਟ ਹੁੰਦੀਆਂ ਹਨ। ਪਰ ਸਾਡਾ ਜ਼ੋਰ ਦੋਵਾਂ ਰੁਪਾਣਾ ਦਾ ਵਿਰੋਧੀ ਹੋਣ ਵਿੱਚ ਨਹੀਂ ਹੋਵੇਗਾ। ਜਿਵੇਂ ਕਿਸੇ ਦਾਨ ਦਾਤਾ ਦੀ ਤਸਵੀਰ ਇੱਕ ਕੋਨੇ ਵਿੱਚ ਦਿੱਖਦੀ ਹੈ। ਜਿਸਦੇ ਲਈ ਮਨੋ ਕਲਪਨਾ ਕਰਨ ਨੂੰ ਹਰ ਇਕ ਦਲੇਰਾਨਾ ਕੰਮ ਕਰਦਾ ਹੈ।

ਪਾਲਣ ਪੋਸ਼ਣ ਪ੍ਰਾਪਤ ਨੌਜਵਾਨ ਔਰਤ ਨੂੰ ਘੱਟ ਕਾਮਭਾਵਨਾ ਨੂੰ ਹੀ ਜ਼ਾਹਿਰ ਕਰਨ ਦੀ ਖੁਲ੍ਹ ਹੁੰਦੀ ਹੈ। ਨੌਜਵਾਨ ਮਰਦਾਂ ਨੂੰ ਆਪਣੇ ਵੱਧ ਤੋਂ ਵੱਧ ਸਵੈ ਹੰਕਾਰ ਨੂੰ ਦੱਬਣਾ ਪੈਂਦਾ ਹੈ। ਉਸ ਵਿੱਚ ਬਚਪਨ ਦੇ ਵਿਗਾੜਨ ਵਾਲੇ ਦਿਨਾਂ ਵਿਚ ਪੈਦਾ ਹੋ ਜਾਂਦਾ ਹੈ। ਤਾਂ ਕਿ ਉਹ ਸਮਾਜ ਵਿੱਚ ਆਪਣਾ ਥਾਂ ਬਣਾ ਸਕੇ ਜਿਸ ਵਿਚ ਉਨੀਂਦਾ ਹੀ ਤਕੜੀਆਂ ਮਨੋਕਲਪਨਾਵਾ ਵਾਲੇ ਹੋਰ ਲੋਕ ਹੁੰਦੇ ਹਨ।

ਸੁਰਜੀਤ ਸਾਰੰਗ
81306-60205

# ਤਮਾਂ...

ਤਮਾਂ ਜਿਹੜੀ ਭਰਦੀ ਨਾ,
ਲੱਭੀ ਮੈਂ ਬਥੇਰੀ ਸੱਚੀਂ,
ਅਖੀਰ ਪਤਾ ਲੱਗਿਆ,
ਅਮੀਰਾਂ ਕੋਲ ਰਹਿੰਦੀ ਏ।

ਗਰੀਬ ਕੋਲ ਆਉਂਦੀ ਨਾ,
ਅਮੀਰ ਕੋਲੋਂ ਜਾਂਦੀ ਨਹੀਂ,
ਜਾਂ ਇਹ ਭੈੜੀ ਤਮਾਂ ਜਾ,
ਪਾਖੰਡੀਆਂ ਦੇ ਬਹਿੰਦੀ ਏ।

ਰੰਗ ਨਾ ਅਕਾਰ ਇਹਦਾ,
ਖੌਰੇ ਕਿੱਥੇ ਪਾਈ ਜਾਂਦੀ,
ਮਾਇਆ ਸੋਨਾ ਚਾਂਦੀ ਜੋ,
ਡਕਾਰ ਏਹੇ ਲੈਂਦੀ ਏ।

ਲੱਭੇ ਮੈਂ ਟਿਕਾਣੇ ਇਹਦੇ,
ਆਸੇ ਪਾਸੇ ਪੁੱਛਿਆ ਬਈ,
ਕੁਝ ਕੁ ਨੇ ਦੱਸਿਆ ਇਹ,
ਲੀਡਰਾਂ ਦੇ ਰਹਿੰਦੀ ਏ।

ਕੁਝ ਕੁ ਟਿਕਾਣੇ ਕਹਿੰਦੇ,
ਧਰਮ ਸਥਾਨੀਂ ਇਹਦੇ,
ਜਿੱਥੇ ਜਾ ਕੇ ਮੱਲ੍ਹੀ ਤਮਾਂ,
ਗੋਲਕਾਂ 'ਚ ਵਹਿੰਦੀ ਏ।

ਸ਼ਮਸ਼ੇਰ ਸਿੰਘ ਮੱਲ੍ਹੀ ਪਿੰਡ ਫੂਲ
90565-62524

# 'ਮਾਂ ਬੋਲੀ ਦੀ ਮੌਤ'

'ਮਾਂ ਬੋਲੀ ਦੀ ਮੌਤ'
ਮਾਂ ਦੇ ਮੂੰਹ 'ਚ ਹੀ
ਮਾਂ ਬੋਲੀ ਨੂੰ ਕੈਦ ਕਰ ਦਿੱਤਾ ਗਿਆ
ਤੇ ਬੱਚੇ
ਉਸਦੀ ਰਿਹਾਈ ਦੀ ਮੰਗ ਕਰਦੇ ਕਰਦੇ
ਵੱਡੇ ਹੋ ਗਏ
ਮਾਂ ਬੋਲੀ ਆਪ ਨਹੀਂ ਮਰੀ ਸੀ
ਉਸਨੂੰ ਮਾਰਿਆ ਗਿਆ
ਪਰ,ਮਾਂ ਇਹ ਕਦੇ ਵੀ ਨਹੀਂ ਜਾਣ ਸਕੀ
ਰੋਟੀ ਦੇ ਸੁਫ਼ਨੇ
ਦਿਖਾਉਣ ਵਾਲੀਆਂ ਸੰਭਾਵਨਾਵਾਂ ਅੱਗੇ
ਆਪਣੇ ਬੱਚਿਆਂ ਲਈ ਉਸਨੇ
ਘੁੱਟ ਲਏ ਸਨ ਆਪਣੇ ਦੰਦ
ਤੇ ਉਹਨਾਂ ਬੁਰਕੀਆਂ ਦੇ ਸੁਫ਼ਨਿਆਂ ਥੱਲੇ
ਦੱਬੀ ਗਈ ਸੀ ਮਾਂ ਬੋਲੀ
ਮਾਂ ਨੂੰ ਅੱਜ ਵੀ ਲੱਗਦਾ ਏ
ਇੱਕ ਦੁਰਘਟਨਾ ਸੀ
ਮਾਂ ਬੋਲੀ ਦੀ ਮੌਤ।

ਮੂਲ ਲਿਖਤ: ਜਸਿੰਤਾ ਕੇਰਕੇਟਾ
ਪੰਜਾਬੀ ਤਰਜਮਾ: ਲਖਵੀਰ ਸਿੰਘ

# ਕੀ ਹਰ ਪ੍ਰੀਖਿਆ ਦੇ ਦਾਖਲੇ ਲਈ ਯੋਗਤਾ ਇਮਤਿਹਾਨ ਜ਼ਰੂਰੀ ਹਨ??



ਸੁਪਰੀਮ ਕੋਰਟ ਨੇ ਨੈਸ਼ਨਲ ਮੈਡੀਕਲ ਸਾਇੰਸਜ਼ ਕਮਿਸ਼ਨ (ਐੱਨ. ਐੱਮ. ਸੀ.) ਵਲੋਂ ਸਾਲ 2024 ਵਿਚ ਰਾਸ਼ਟਰੀ ਯੋਗਤਾ ਕਮ ਦਾਖਲਾ ਪ੍ਰੀਖਿਆ-ਸੁਪਰ - ਸਪੈਸ਼ਲਿਸਟ ( ਨੀਟ-ਐਸ. ਐਸ.) ਦਾ ਆਯੋਜਨ ਨਾ ਕਰਨ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਕੇਂਦਰ ਅਤੇ ਹੋਰਾਂ ਕੋਲੋਂ ਸ਼ੁਕਰਵਾਰ ਜਵਾਬ ਮੰਗਿਆ।

ਨੀਟ-ਐਸ. ਐਸ. ਉਨ੍ਹਾਂ ਡਾਕਟਰਾਂ ਲਈ ਕਰਵਾਇਆ ਜਾਂਦਾ ਹੈ ਜਿਨ੍ਹਾਂ ਕੋਲ ਐੱਮ. ਡੀ., ਐੱਮ. ਐੱਸ. ਅਤੇ ਡੀ. ਐੱਨ. ਬੀ. ਸੁਪਰ-ਸਪੈਸ਼ਲਿਸਟ ਕੋਰਸਾਂ 'ਚ ਦਾਖਲੇ ਲਈ ਪੋਸਟ ਗਰੈਜੂਏਟ ਡਿਗਰੀ ਜਾਂ ਬਰਾਬਰ ਦੀ ਯੋਗਤਾ ਹੁੰਦੀ ਹੈ।

ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਜਸਟਿਸ ਜੇ. ਬੀ. ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੇ ਬੈਂਚ ਨੂੰ 13 ਉਮੀਦਵਾਰਾਂ ਵੱਲੋਂ ਪੇਸ਼ ਹੋਏ ਵਕੀਲ ਨੇ ਦੱਸਿਆ ਕਿ ਐੱਨ. ਐੱਮ. ਸੀ. ਨੇ ਇਸ ਸਾਲ ਪ੍ਰੀਖਿਆ ਨਾ ਕਰਵਾਉਣ ਦਾ ਫੈਸਲਾ ਕੀਤਾ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਨੀਟ-ਐੱਸ. ਐੱਸ. ਦੇ ਜਨਵਰੀ, 2025 'ਚ ਹੋਣ ਦੀ ਸੰਭਾਵਨਾ ਹੈ। ਸੀ. ਬੀ. ਆਈ. ਨੇ ਸ਼ੁੱਕਰਵਾਰ ਰਾਜੇਂਦਰ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਰਾਂਚੀ ਦੇ ਪਹਿਲੇ ਸਾਲ ਦੀ ਐੱਮ. ਬੀ. ਬੀ. ਐੱਸ. ਦੀ ਇਕ ਵਿਦਿਆਰਥਣ ਨੂੰ ਕਥਿਤ ਤੌਰ 'ਤੇ 'ਸਾਲਵਰ ਮਾਡਿਊਲ' ਦਾ ਹਿੱਸਾ ਹੋਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ।

ਪ੍ਰਸ਼ਨ ਪੱਤਰ ਹੱਲ ਕਰਨ ਵਾਲਾ ਇਹ ਗਿਰੋਹ ਇਕ ਇੰਜੀਨੀਅਰ ਦੇ ਸਹਿਯੋਗ ਨਾਲ ਕੰਮ ਕਰ ਰਿਹਾ ਸੀ ਜਿਸ ਨੇ ਨੀਟ ਯੂ. ਜੀ. ਪਾਸ ਕੀਤਾ ਸੀ। ਕੇਂਦਰੀ ਜਾਂਚ ਬਿਊਰੋ ਨੇ ਦੋ ਦਿਨਾਂ ਦੀ ਵਿਸਥਾਰਪੂਰਵਕ ਪੁੱਛਗਿੱਛ ਤੋਂ ਬਾਅਦ ਸੁਰਭੀ ਕੁਮਾਰੀ ਨੂੰ ਗ੍ਰਿਫਤਾਰ ਕੀਤਾ। ਦੋਸ਼ ਹੈ ਕਿ ਕੁਮਾਰੀ 'ਸਾਲਵਰ ਮਾਡਿਊਲ' ਦੀ ਪੰਜਵੀਂ ਮੈਂਬਰ ਸੀ, ਜੋ ਪੰਕਜ ਕੁਮਾਰ ਵੱਲੋਂ ਚੋਰੀ ਕੀਤੇ ਪ੍ਰਸ਼ਨ ਪੱਤਰ ਨੂੰ ਹੱਲ ਕਰਨ ਲਈ 5 ਮਈ ਦੀ ਸਵੇਰ ਨੂੰ ਪ੍ਰੀਖਿਆ ਵਾਲੇ ਦਿਨ ਹਜ਼ਾਰੀਬਾਗ 'ਚ ਮੌਜੂਦ ਸੀ।

ਪਿਛਲੇ ਸਮੇਂ 'ਚ ਨੀਟ-ਯੂਜੀ ਦੀ ਦਾਖਲਾ ਪ੍ਰੀਖਿਆ ਵਿੱਚ ਪੇਪਰ ਲੀਕ ਹੋਣ ਦੀ ਖਬਰ ਨਸ਼ਰ ਹੋਈ ਅਤੇ ਇਸ ਤੋਂ ਬਾਅਦ ਨੀਟ-ਪੀਜੀ, ਯੂਜੀਸੀ-ਨੈੱਟ, ਸੀਐੱਸਆਈਆਰ-ਨੈੱਟ ਦੇ ਪੇਪਰਾਂ 'ਚ ਵੀ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਦੀਆਂ ਖਬਰਾਂ ਸਾਹਮਣੇ ਆਈਆਂ ਹਨ। ਇਹਨਾਂ ਘਟਨਾਵਾਂ ਵਿਰੁੱਧ ਦੇਸ਼ ਭਰ ਵਿੱਚ ਵਿਦਿਆਰਥੀਆਂ, ਨੌਜਵਾਨਾਂ ਅਤੇ ਹੋਰ ਇਨਸਾਫਪਸੰਦ ਲੋਕਾਂ ਦਾ ਜਬਰਦਸਤ ਵਿਰੋਧ ਵੇਖਣ ਨੂੰ ਮਿਲਿਆ। ਮੋਦੀ ਦੇ 10 ਸਾਲਾਂ ਦੇ ਕਾਰਜਕਾਲ ਵਿੱਚ ਲੱਗਭੱਗ 80 ਪੇਪਰ ਲੀਕ ਦੀਆਂ ਘਟਨਾਵਾਂ ਦਰਜ ਹੋਈਆਂ ਹਨ। ਪੇਪਰ ਲੀਕ ਦੀਆਂ ਤਾਜੀਆਂ ਘਟਨਾਵਾਂ ਨੇ ਦਾਖਲਾ ਪ੍ਰੀਖਿਆ ਲੈਣ ਵਾਲੀ ਏਜੰਸੀ ਐੱਨ.ਟੀ.ਏ. ਦੀ ਕਾਰਗੁਜਾਰੀ 'ਤੇ ਤਾਂ ਸਵਾਲ ਖੜ੍ਹੇ ਕੀਤੇ ਹੀ ਹਨ ਸਗੋਂ ਇਸ ਤੋਂ ਵੀ ਅਗਾਂਹ ਦਾਖਲਾ ਪ੍ਰੀਖਿਆਵਾਂ ਦੀ ਸਾਰਥਿਕਤਾ ਤੇ ਸਿੱਖਿਆ ਤੇ ਰੁਜਗਾਰ ਦੀ ਪਤਲੀ ਹਾਲਤ ਬਾਰੇ ਵੀ ਚਰਚਾ ਛੇੜੀ ਹੈ।



ਦਵਿੰਦਰ ਕੌਰ ਖੁਸ਼ ਧਾਲੀਵਾਲ,
88472-27740

ਉੱਚ ਵਿੱਦਿਆ ਹਾਸਲ ਕਰਨ ਦੇ ਇਛੁੱਕ ਵਿਦਿਆਰਥੀਆਂ ਨੂੰ ਕਈ ਤਰ੍ਹਾਂ ਦੀਆਂ ਪ੍ਰੀਖਿਆਵਾਂ ਦੇਣੀਆਂ ਪੈਂਦੀਆਂ ਹਨ। ਮਿਸਾਲ ਲਈ, ਯੂਨੀਅਨ ਸਰਕਾਰ ਮੈਡੀਕਲ ਦੀ ਪੜ੍ਹਾਈ (ਐੱਮ.ਬੀ.ਬੀ.ਐੱਸ ਆਦਿ) ਲਈ ਨੀਟ ਦੀ ਪ੍ਰੀਖਿਆ ਲੈਂਦੀ ਹੈ ਅਤੇ ਪ੍ਰੀਖਿਆ ਵਿੱਚੋਂ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਅੰਕਾਂ ਦੇ ਹਿਸਾਬ ਨਾਲ ਵੱਖ-ਵੱਖ ਵਿੱਦਿਅਕ ਅਦਾਰਿਆਂ ਵਿੱਚ ਦਾਖਲਾ ਮਿਲਦਾ ਹੈ। ਚੰਗੇ ਵਿੱਦਿਅਕ ਅਦਾਰੇ ਵਿੱਚ ਦਾਖਲਾ ਲੈਣ ਲਈ ਵਿਦਿਆਰਥੀ ਕਈ ਸਾਲ ਪਹਿਲਾਂ ਹੀ ਪ੍ਰੀਖਿਆ ਦੀ ਤਿਆਰੀ ਕਰਨ ਜਾਂ ਕਰਵਾਉਣ ਲਾਏ ਜਾਂਦੇ ਹਨ। ਸਕੂਲਾਂ ਵਿੱਚ ਡੰਮੀ ਦਾਖਲੇ ਕਰਵਾ ਕੋਚਿੰਗ ਸੈਂਟਰਾਂ ਵਿੱਚ ਪੜ੍ਹਨੇ ਪਾਇਆ ਜਾਂਦਾ ਹੈ। ਥਾਂ-ਥਾਂ ਇਹਨਾਂ ਕੋਚਿੰਗ ਸੈਂਟਰਾਂ ਦੀ ਭਰਮਾਰ ਹੈ ਜੋ ਵੱਖ-ਵੱਖ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਂਦੇ ਹਨ। ਨੀਟ ਆਦਿ ਦੀ ਤਿਆਰੀ ਕਰਵਾਉਣ ਵਾਲੀਆ 'ਸੰਸਥਾਵਾਂ' (ਦੁਕਾਨਾਂ) ਦੀ ਸਲਾਨਾ ਫੀਸ ਔਸਤ 50 ਹਜਾਰ ਤੋਂ ਲੈਕੇ 2 ਲੱਖ ਰੁਪਏ ਤੱਕ ਹੈ। ਰਾਜਸਥਾਨ ਦੇ ਇਕੱਲੇ ਕੋਟਾ ਸ਼ਹਿਰ ਅੰਦਰ ਹੀ ਕੋਚਿੰਗ ਸੈਂਟਰਾਂ ਦਾ ਸਲਾਨਾ ਮੁਨਾਫਾ 6000 ਕਰੋੜ ਰੁਪਏ ਹੈ ਅਤੇ ਇਹਨਾਂ ਲੁੱਟ ਦੇ ਅੱਡਿਆਂ ਦਾ ਕਾਰੋਬਾਰ ਹਰੇਕ ਸਾਲ ਛੜੱਪੇ ਮਾਰ ਵਧ ਰਿਹਾ ਹੈ।

ਭਾਰਤ ਦੇ 90 ਫੀਸਦ ਪਰਿਵਾਰ ਮਹੀਨਾਵਾਰ 10 ਹਜਾਰ ਰੁਪਏ ਤੋਂ ਵੀ ਘੱਟ ਕਮਾਉਂਦੇ ਹਨ, ਉਹਨਾਂ ਲਈ ਏਨੀ ਜਿਆਦਾ ਫੀਸ ਤਾਰਨੀ ਲੱਗਭੱਗ ਅਸੰਭਵ ਹੈ। ਇਸ ਤਰ੍ਹਾਂ ਮਜਦੂਰ, ਗਰੀਬ ਕਿਸਾਨ ਤੇ ਹੋਰ ਕਿਰਤੀ ਲੋਕਾਂ ਦੇ ਧੀਆਂ ਪੁੱਤਾਂ ਤੋਂ ਪਹਿਲਾਂ ਹੀ ਅਸਿੱਧੇ ਤਰ੍ਹਾਂ ਦਾਖਲਾ ਲੈਣ ਦਾ ਹੱਕ ਖੋਹ ਲਿਆ ਜਾਂਦਾ ਹੈ। ਕੋਈ ਕਹਿ ਸਕਦਾ ਹੈ ਕਿ ਗਰੀਬ ਵਿਦਿਆਰਥੀ ਘਰ ਬੈਠਕੇ ਪ੍ਰੀਖਿਆ ਦੀ ਤਿਆਰੀ ਕਰ ਸਕਦੇ ਹਨ ਅਤੇ ਪੇਪਰ ਪਾਸ ਕਰ ਸਕਦੇ ਹਨ ਪਰ ਹਕੀਕਤ ਵਿੱਚ ਅਜਿਹਾ ਛੋਟ ਵਜੋਂ ਹੀ ਹੋ ਸਕਦਾ ਹੈ। ਪ੍ਰੀਖਿਆ ਪਾਸ ਕਰਨ ਲਈ ਸਿਲੇਬਸ ਦੀ ਪੂਰੀ ਬਣਤਰ, ਬਹੁਤ ਵਿਆਪਕ ਘੇਰਾ, ਹਰੇਕ ਸਾਲ ਉਸਦਾ ਹੋਰ ਔਖਾ ਹੋਣਾ ਆਦਿ ਤੱਥ ਆਮ ਵਿਦਿਆਰਥੀ ਲਈ ਅਜਿਹੀਆਂ ਪ੍ਰੀਖਿਆਵਾਂ ਨੂੰ ਪਾਸ ਕਰਨਾ ਅਸੰਭਵ ਦੇ ਨੇੜੇ ਪਹੁੰਚਾ ਦਿੰਦੇ ਹਨ। ਇਸ ਤਰ੍ਹਾਂ ਦਾਖਲਾ ਇਮਤਿਹਾਨ ਇਹਨਾਂ ਵਿਦਿਆਰਥੀਆਂ ਨੂੰ ਬਰਾਬਰ ਮੌਕਾ ਦੇਣ ਦੀ ਥਾਂ ਬਹੁਗਿਣਤੀ ਵਿਦਿਆਰਥੀ/ਨੌਜਵਾਨਾਂ ਨੂੰ ਪੜ੍ਹਾਈ/ਰੁਜਗਾਰ ਆਦਿ ਵਿੱਚੋਂ ਬਾਹਰ ਧੱਕਣ ਦਾ ਕੰਮ ਕਰ ਰਹੀਆਂ ਹਨ।

ਪ੍ਰੀਖਿਆਵਾਂ ਵਿਚਲੀ ਅੰਨ੍ਹੀ ਮੁਕਾਬਲੇਬਾਜੀ ਕਾਰਨ ਵਿਦਿਆਰਥੀਆਂ ਨੂੰ ਸਿਰਫ ਨੰਬਰ ਹਾਸਿਲ ਕਰਨ ਵਾਲੀਆਂ ਮਸ਼ੀਨਾਂ ਬਣ ਰਹੇ ਹਨ ਜਿਹਨਾਂ ਦਾ ਨਿਰੋਲ ਟੀਚਾ ਜਿਆਦਾ ਤੋਂ ਜਿਆਦਾ ਨੰਬਰ ਲੈ ਕੇ ਮੈਰਿਟ ਸੂਚੀ ਵਿੱਚ ਆਉਣਾ ਹੀ ਬਣ ਜਾਂਦਾ ਹੈ। ਵਿਦਿਆਰਥੀਆਂ ਤੋਂ ਉਹਨਾਂ ਦੇ ਬਚਪਨ/ਜਵਾਨੀ ਦੇ ਕੀਮਤੀ ਵਰ੍ਹੇ ਖੋਹ ਰੱਟ ਤੋਤੇ ਬਣਾਇਆ ਜਾ ਰਿਹਾ ਹੈ। ਵਿਦਿਆਰਥੀ ਇੱਕ-ਦੂਜੇ ਨੂੰ ਸਾਥੀਆਂ/ਦੋਸਤਾਂ/ਮਿੱਤਰਾਂ ਵਜੋਂ ਨਹੀਂ ਸਗੋਂ ਵਿਰੋਧੀਆਂ ਵਾਂਗ ਵੇਖਦੇ ਹਨ ਜੋ ਉਹਦੀ ਸੀਟ 'ਤੇ ਕਬਜਾ ਕਰਨਾ ਚਾਹੁੰਦਾ ਹੈ। ਦੂਸਰੇ ਨੂੰ ਹਰਾਉਣ ਦੀ ਖਾਤਿਰ ਉਹ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੋ ਜਾਂਦੇ ਹਨ। ਵਿਦਿਆਰਥੀਆਂ ਵਿੱਚ ਭਿਅੰਕਰ ਮੁਕਾਬਲੇਬਾਜੀ ਕਾਰਨ ਸਮੂਹਿਕਤਾ ਦੀ ਭਾਵਨਾ ਨੂੰ ਖੋਰਾ ਲੱਗ ਰਿਹਾ ਹੈ। ਵਿਦਿਆਰਥੀਆਂ ਵਿੱਚ ਸਮਾਜਿਕ ਸਰੋਕਾਰਾਂ ਦੀ ਥਾਂ ਖ਼ੁਦ ਪ੍ਰਸਤੀ, ਨਿੱਜੀ ਫਾਇਦੇ ਬਾਜੀ ਆਦਿ ਵਰਗੀਆਂ ਅਲਾਮਤਾਂ ਦਾ ਪ੍ਰਵਾਹ ਹੋ ਰਿਹਾ ਹੈ।

ਇਹ ਸਾਰੀ ਪ੍ਰਕਿਰਿਆ ਵਿਦਿਆਰਥੀਆਂ ਲਈ ਵੀ ਭਿਅੰਕਰ ਮਾਨਸਿਕ ਤਸ਼ੱਦਦ ਦਾ ਕਾਰਨ ਬਣ ਰਹੀ ਹੈ। ਮਾਪਿਆਂ/ਰਿਸ਼ਤੇਦਾਰਾਂ ਦਾ ਦਬਾਅ ਮਾਨਸਿਕ ਪ੍ਰੇਸ਼ਾਨੀ ਨੂੰ ਹੋਰ ਵਧਾਉਂਦਾ ਹੈ। ਜੇ ਪੇਪਰ ਪਾਸ ਨਾ ਹੋਇਆ ਤਾਂ ਸਭ ਖਤਮ ਹੋ ਜਾਏਗਾ ਵਰਗੇ ਫਿਕਰੇ ਵਿਦਿਆਰਥੀਆਂ ਦੇ ਮਨਾਂ ਵਿੱਚ ਗੂੰਜਦੇ ਰਹਿੰਦੇ ਹਨ ਅਤੇ ਵਿਦਿਆਰਥੀ ਲਗਾਤਾਰ ਡਰ ਦੇ ਮਾਹੌਲ ਵਿੱਚ ਵਿਚਰਦੇ ਹਨ। ਅਜਿਹਾ ਮਹੌਲ ਉਹਨਾਂ ਨੂੰ ਨਸ਼ਾਖੋਰੀ, ਮਾਨਸਿਕ ਰੋਗਾਂ ਜਿਵੇਂ ਡਿਪਰੈਸ਼ਨ ਆਦਿ ਅਤੇ ਖੁਦਕੁਸ਼ੀਆਂ ਵੱਲ ਧੱਕਦਾ ਹੈ। ਦੇਸ਼ ਭਰ ਵਿੱਚ ਹੋਣ ਵਾਲ਼ੀਆਂ ਖੁਦਕੁਸ਼ੀਆਂ ਵਿੱਚ 18 ਤੋਂ 45 ਸਾਲਾਂ ਦੇ ਵਿਦਿਆਰਥੀ ਨੌਜਵਾਨਾਂ ਦੀ ਗਿਣਤੀ ਕਾਫੀ ਵੱਡੀ ਹੈ। ਰਾਜਸਥਾਨ ਦੇ ਪਹਿਲਾਂ ਜਿਕਰ ਅਧੀਨ ਆਏ ਸ਼ਹਿਰ ਕੋਟਾ ਵਿੱਚ ਹਰ ਦਸ ਦਿਨਾਂ ਅੰਦਰ ਇੱਕ ਵਿਦਿਆਰਥੀ ਖੁਦਕੁਸ਼ੀ ਕਰਦਾ ਹੈ। ਵੱਖੋ-ਵੱਖਰੇ ਟੈਸਟਾਂ ਦੀ ਤਿਆਰੀ ਕਰਦੇ ਵਿਦਿਆਰਥੀਆਂ ਦੀ ਹਾਲਤ ਬਾਰੇ ਕਈ ਫਿਲਮਾਂ ਇੰਟਰਨੈੱਟ ਉੱਪਰ ਉਪਲੱਬਧ ਹਨ। ਦਾਖਲਾ ਪ੍ਰੀਖਿਆਵਾਂ ਦੀ ਮੌਜੂਦਾ ਪ੍ਰਣਾਲੀ ਵਿਦਿਆਰਥੀਆਂ ਦੀ ਜਾਨ ਦਾ ਖੌਅ ਬਣ ਰਹੀ ਹੈ। ਇਹ ਘੋਰ ਗਰੀਬ ਵਿਰੋਧੀ, ਵਿਦਿਆਰਥੀ-ਨੌਜਵਾਨ ਵਿਰੋਧੀ ਹੈ ਅਤੇ ਗਰੀਬ ਕਿਰਤੀ ਅਬਾਦੀ ਨੂੰ ਅਸਿੱਧੇ ਤਰੀਕੇ ਨਾਲ ਸਿੱਖਿਆ ਤੋਂ ਵਾਂਝਿਆਂ ਕਰਦੀ ਹੈ।

ਸਿੱਖਿਆ ਅਤੇ ਰੁਜਗਾਰ ਦੇਣਾ ਸਰਕਾਰ ਦੀ ਜਿੰਮੇਵਾਰੀ ਹੁੰਦਾ ਹੈ ਪਰ ਪਿਛਲੇ ਚਾਰ ਦਹਾਕਿਆਂ ਵਿਚ ਤੇਜੀ ਨਾਲ ਹੋਏ ਨਿੱਜੀਕਰਨ ਨੇ ਸਰਕਾਰੀ ਸਿੱਖਿਆ ਅਤੇ ਹੋਰਨਾਂ ਜਨਤਕ ਅਦਾਰਿਆਂ ਦਾ ਭੱਠਾ ਬਿਠਾਇਆ ਹੈ। ਦੇਸ਼ ਵਿੱਚ ਪਹਿਲਾਂ ਹੀ ਵਿੱਦਿਅਕ ਅਦਾਰਿਆਂ ਜਿਵੇਂ ਮੈਡੀਕਲ ਕਾਲਜਾਂ ਆਦਿ ਦੀ ਬਹੁਤ ਘਾਟ ਸੀ, ਨਿੱਜੀਕਰਨ ਦੀ ਚੱਲੀ ਤੇਜ ਹਨ੍ਹੇਰੀ ਨੇ ਇਹਨਾਂ ਸੰਸਥਾਵਾਂ ਦੇ ਖਾਤਮੇ ਨੂੰ ਹੋਰ ਅੱਡੀ ਦਿੱਤੀ ਹੈ। ਸਰਕਾਰੀ ਮਹਿਕਮਿਆਂ ਨੂੰ ਕੌਡੀਆਂ ਦੇ ਭਾਅ ਨਿੱਜੀ ਹੱਥਾਂ ਵਿੱਚ ਵੇਚਕੇ ਵੱਡੇ ਪੱਧਰ 'ਤੇ ਰੁਜਗਾਰ ਦਾ ਖਾਤਮਾ ਕੀਤਾ ਗਿਆ। ਇਹਨਾਂ ਸਾਰੇ ਮਹਿਕਮਿਆਂ ਵਿੱਚ ਖਾਲੀ ਪਈਆਂ ਅਸਾਮੀਆਂ ਭਰਨ, ਨਵੀਆਂ ਅਸਾਮੀਆਂ ਪੈਦਾ ਕਰਨ ਅਤੇ ਸਰਕਾਰੀ ਵਿੱਦਿਅਕ ਅਦਾਰਿਆਂ ਤੇ ਇਹਨਾਂ ਵਿਚਲੀਆਂ ਸੀਟਾਂ ਵਧਾਉਣ ਦੀ ਥਾਂ ਵਿਦਿਆਰਥੀਆਂ ਨੂੰ ਕਈ-ਕਈ ਪ੍ਰੀਖਿਆਵਾਂ ਦੇ ਮੱਕੜ-ਜਾਲ 'ਚ ਫਸਾਇਆ ਹੋਇਆ ਹੈ। ਦਾਖਲਾ ਪ੍ਰੀਖਿਆਵਾਂ ਦੇ ਇਸ ਮੱਕੜ-ਜਾਲ ਰਾਹੀਂ ਸਰਕਾਰ ਸਭ ਨੂੰ ਸਸਤੀ ਤੇ ਮਿਆਰੀ ਸਿੱਖਿਆ ਅਤੇ ਸਭ ਨੂੰ ਰੁਜਗਾਰ ਦੇਣ ਦੀ ਆਪਦੀ ਜ਼ੁੰਮੇਵਾਰੀ ਤੋਂ ਚਲਾਕੀ ਨਾਲ਼ ਬਚ ਨਿੱਕਲਦੀ ਹੈ ਅਤੇ ਦੂਜੇ ਪਾਸੇ ਬਹੁਤ ਥੋੜ੍ਹੀਆਂ ਸੀਟਾਂ ਲਈ ਮੁਕਾਬਲਾ ਕਰ ਰਹੇ ਵਿਦਿਆਰਥੀਆਂ 'ਤੇ ਹੀ ਦੋਸ਼ ਵੀ ਥੋਪਦੀ ਹੈ। ਪ੍ਰੀਖਿਆ ਪਾਸ ਨਾ ਹੋਣ ਦੀ ਸੂਰਤ ਵਿੱਚ ਵਿਦਿਆਰਥੀਆਂ ਨੂੰ ਹੀ ਨਲਾਇਕ, ਨਿਕੰਮੇ ਐਲਾਨਿਆ ਜਾਂਦਾ ਹੈ। ਬਹੁਤ ਚਲਾਕੀ ਨਾਲ਼ ਸਮੱਸਿਆ ਦੇ ਅਸਲ ਕਾਰਨਾਂ - ਸੀਟਾਂ ਦਾ ਘੱਟ ਹੋਣਾ, ਰੁਜਗਾਰ ਦੇ ਮੌਕਿਆਂ ਦਾ ਘੱਟ ਹੋਣਾ ਨੂੰ ਸਿਰੇ ਤੋਂ ਗਾਇਬ ਕਰ ਦਿੱਤਾ ਜਾਂਦਾ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਦਾਖਲਾ ਪ੍ਰੀਖਿਆਵਾਂ ਬਿਲਕੁਲ ਬੇਲੋੜੀਆਂ ਹਨ। ਦਾਖਲਾ ਪ੍ਰੀਖਿਆਵਾਂ ਦੀ ਮੌਜੂਦਾ ਪ੍ਰਣਾਲੀ ਵਿਦਿਆਰਥੀਆਂ ਦੀ ਆਰਥਿਕ ਲੁੱਟ ਅਤੇ ਮਾਨਸਿਕ ਤਸ਼ੱਦਦ ਦਾ ਕਾਰਨ ਬਣ ਰਹੀ ਹੈ। ਯੂਨੀਅਨ ਜਾਂ ਸੂਬਾਈ ਹਰੇਕ ਪੱਧਰ 'ਤੇ ਇਹ ਦਾਖਲਾ ਪ੍ਰੀਖਿਆਵਾਂ ਬੰਦ ਹੋਣੀਆਂ ਚਾਹੀਦੀਆਂ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਸਰਕਾਰੀ ਵਿੱਦਿਅਕ ਅਦਾਰਿਆਂ ਅਤੇ ਉਹਨਾਂ ਵਿਚਲੀਆਂ ਸੀਟਾਂ ਦੀ ਗਿਣਤੀ ਵਿੱਚ ਵਾਧਾ ਕਰੇ ਤਾਂ ਕਿ ਸਾਰੇ ਵਿਦਿਆਰਥੀਆਂ ਤੱਕ ਸਸਤੀ ਤੇ ਮਿਆਰੀ ਸਿੱਖਿਆ ਦੀ ਰਸਾਈ ਹੋ ਸਕੇ ਅਤੇ ਹਰੇਕ ਨੌਜਵਾਨ ਨੂੰ ਉਸਦੀ ਸਮਰੱਥਾ ਮੁਤਾਬਿਕ ਰੁਜਗਾਰ ਦਿੱਤਾ ਜਾਵੇ।

# ਅਸੀਂ ਅਕਸਰ ਸੁਣਦੇ ਹਾਂ...

"ਬੋਲਣ ਨਾਲੋਂ ਚੁੱਪ ਚੰਗੇਰੀ" ਪਰ ਜ਼ਿੰਦਗੀ ਦੇ ਬਹੁਤੇ ਮਸਲਿਆਂ ਵਿੱਚ ਸਹੀ ਨਹੀਂ ਹੈ। ਇਕ ਚੁੱਪ ਸੌ ਸੁਖ ਵਾਲੇ ਜ਼ਮਾਨੇ ਚਲੇ ਗਏ। ਅੱਜ ਜੇ ਜ਼ਿਆਦਤੀ ਅੱਗੇ ਤੁਸੀਂ ਚੁੱਪ ਕਰ ਜਾਂਦੇ ਹੋ ਤਾਂ ਹਮੇਸ਼ਾਂ ਲਈ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹੋ। ਬਹੁਤ ਜ਼ਰੂਰੀ ਹੈ ਕਿ ਜ਼ੁਲਮ ਦੇ ਅੱਗੇ ਆਵਾਜ਼ ਉਠਾਈ ਜਾਵੇ। ਅੱਜ ਜ਼ੁਲਮ ਦਾ ਰੂਪ ਬਦਲ ਚੁੱਕਾ ਹੈ। ਮਾਨਸਿਕ ਪ੍ਰਤਾੜਨਾ ਸਭ ਤੋਂ ਵੱਡਾ ਜ਼ੁਲਮ ਹੈ। ਸਾਨੂੰ ਜਦੋਂ ਵੀ ਇਸ ਦੀ ਸਮਝ ਆ ਜਾਵੇ ਇਸ ਦੇ ਖ਼ਿਲਾਫ਼ ਆਵਾਜ਼ ਉਠਾਉਣੀ ਚਾਹੀਦੀ ਹੈ। ਮਾਨਸਿਕ ਤੌਰ ਤੇ ਕੀਤਾ ਹੋਇਆ ਬੁਰਾ ਵਿਹਾਰ ਮਨੁੱਖ ਨੂੰ ਅੰਦਰੋਂ ਤੋੜ ਦਿੰਦਾ ਹੈ। ਇਹ ਤੁਹਾਡੇ ਸਵੈ ਵਿਸ਼ਵਾਸ ਨੂੰ ਖ਼ਤਮ ਕਰ ਦਿੰਦਾ ਹੈ। ਸਰੀਰ ਦੀ ਮੌਤ ਸਭ ਕੁਝ ਖ਼ਤਮ ਕਰਦੀ ਹੈ ਪਰ ਮਾਨਸਿਕ ਮੌਤ ਜਿਉਂਦਿਆਂ ਦਾ ਨਰਕ ਬਣ ਜਾਂਦੀ ਹੈ। ਅੱਜ ਬਹੁਤ ਜ਼ਰੂਰਤ ਹੈ ਇਸ ਗੱਲ ਨੂੰ ਸਮਝਣ ਦੀ ਕੀ ਉਹ ਕਿਹੜੀ ਲਕੀਰ ਹੈ ਜਿਸ ਤੋਂ ਅੱਗੇ ਕੀਤਾ ਗਿਆ ਕੋਈ ਵੀ ਵਿਹਾਰ ਤੁਹਾਡੇ ਲਈ ਮਾਨਸਿਕ ਦਬਾਅ ਦਾ ਕੰਮ ਕਰਦਾ ਹੈ। ਤੁਸੀਂ ਕਿਸੇ ਕੋਲ ਨੌਕਰੀ ਕਰ ਰਹੇ ਹੋ ਤਾਂ ਇਸਦਾ ਅਰਥ ਗੁਲਾਮੀ ਨਹੀਂ। ਤੁਹਾਡੇ ਆਪਣੇ ਹੱਕ ਹਨ। ਤੁਹਾਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ। ਠੀਕ ਇਸੇ ਤਰ੍ਹਾਂ ਰਿਸ਼ਤਿਆਂ ਵਿੱਚ ਵੀ ਇੱਕ ਲਕੀਰ ਹੁੰਦੀ ਹੈ ਜਿਸ ਨੂੰ ਪਾਰ ਕਰਨਾ ਠੀਕ ਨਹੀਂ। ਕਿਸੇ ਨੂੰ ਖੁਦਕੁਸ਼ੀ ਦੇ ਕਗਾਰ ਤੇ ਲੈ ਆਉਣਾ ਕਾਨੂੰਨਨ ਜੁਰਮ ਹੈ। ਕਿਸੇ ਨੂੰ ਪਾਗਲਪਣ ਦੀ ਹੱਦ ਤਕ ਪੁਚਾ ਦੇਣਾ ਕਿਸੇ ਵੀ ਹਾਲਾਤ ਵਿੱਚ ਉਚਿਤ ਨਹੀਂ। ਪਰ ਇਸ ਸਭ ਤੋਂ ਬਚਣ ਦਾ ਇੱਕ ਹੀ ਤਰੀਕਾ ਹੈ ਜੇ ਤੁਸੀਂ ਇਸ ਗੱਲ ਨੂੰ ਸਮਝੋ ਤੇ ਦੂਜਿਆਂ ਨੂੰ ਕਿਸ ਹੱਦ ਤਕ ਅਧਿਕਾਰ ਦੇਣਾ ਹੈ ਤੁਹਾਡੀ ਜ਼ਿੰਦਗੀ ਵਿੱਚ ਦਖਲਅੰਦਾਜ਼ੀ ਕਰਨ ਦਾ। ਜੇ ਕੋਈ ਆਪਣੀ ਸੀਮਾ ਪਾਰ ਕਰਦਾ ਹੈ ਉਸ ਨੂੰ ਕਰਾਰਾ ਜਵਾਬ ਦਿਓ। ਇਸ ਤਰ੍ਹਾਂ ਦਾ ਜਵਾਬ ਦੇਣ ਲਈ ਤੁਹਾਨੂੰ ਸੁਚੇਤ ਹੋਣ ਦੀ ਲੋੜ ਹੈ ਅਤੇ ਮਾਨਸਿਕ ਤੌਰ ਤੇ ਮਜ਼ਬੂਤ ਹੋਣ ਦੀ ਵੀ। ਸੰਵੇਦਨਸ਼ੀਲ ਮਨੁੱਖ ਅਕਸਰ ਅਜਿਹੇ ਵਰਤਾਰੇ ਵਿੱਚ ਚੁੱਪ ਰਹਿ ਜਾਂਦਾ ਹੈ। ਉਹ ਕਰਾਰਾ ਜਵਾਬ ਦੇ ਕੇ



ਦੂਸਰੇ ਨੂੰ ਦੁੱਖ ਨਹੀਂ ਪਹੁੰਚਾਉਣਾ ਚਾਹੁੰਦਾ ਪਰ ਆਪ ਨਿਰਾਸ਼ਾ ਦੀ ਗਹਿਰੀ ਖਾਈ ਵਿੱਚ ਡਿੱਗ ਜਾਂਦਾ ਹੈ। ਇਸ ਖਾਈ ਵਿੱਚੋਂ ਕੱਢਣ ਲਈ ਕੋਈ ਉਸਦੀ ਮੱਦਦ ਲਈ ਅੱਗੇ ਨਹੀਂ ਆਉਂਦਾ। ਅੱਜ ਜ਼ਮਾਨਾ ਇਹ ਹੈ ਕਿ ਲੋਕ ਤੁਹਾਡੇ ਤੇ ਤਰਸ ਜ਼ਰੂਰ ਖਾਣਗੇ ਪਰ ਤੁਹਾਡੀ ਮਦਦ ਨਹੀਂ ਕਰਨਗੇ। ਅੱਜ ਦੇ ਸਮੇਂ ਵਿੱਚ ਕਿਸੇ ਤੋਂ ਮਦਦ ਦੀ ਤਵੱਕੋ ਕਰਨੀ ਵੀ ਨਹੀਂ ਚਾਹੀਦੀ। ਸੁਆਰਥ ਭਰੇ ਇਸ ਯੁੱਗ ਵਿੱਚ ਕੋਈ ਵਿਰਲਾ ਹੀ ਕਿਸੇ ਦਾ ਸਾਥ ਦਿੰਦਾ ਹੈ। ਇਸ ਦੁਨੀਆਂ ਵਿੱਚ ਕੋਈ ਮਿੱਤਰ ਨਹੀਂ ਸਭ ਮਤਲਬ ਦੇ ਮਿੱਤਰ ਹਨ। ਜਦ ਤਕ ਤੁਸੀਂ ਕਿਸੇ ਦੇ ਕੰਮ ਆ ਸਕਦੇ ਹੋ ਤੁਹਾਨੂੰ ਸਹੇਜਿਆ ਜਾਂਦਾ ਹੈ। ਜਿੱਥੇ ਹੀ ਤੁਸੀਂ ਕਿਸੇ ਕੰਮ ਦੇ ਨਹੀਂ ਰਹੇ ਤੁਹਾਨੂੰ ਦੁੱਧ ਵਿੱਚੋਂ ਮੱਖੀ ਵਾਂਗ ਕੱਢ ਕੇ ਬਾਹਰ ਸੁੱਟ ਦਿੱਤਾ ਜਾਂਦਾ ਹੈ। ਆਪਣੇ ਆਪ ਨੂੰ ਨਿਰਾਸ਼ਾ ਤੋਂ ਬਚਾਉਣ ਲਈ ਧਿਆਨ ਰੱਖੋ ਕਿ ਤੁਹਾਡੇ ਆਲੇ ਦੁਆਲੇ ਕੋਈ ਅਜਿਹਾ ਮਨੁੱਖ ਨਾ ਹੋਵੇ ਜੋ ਤੁਹਾਨੂੰ ਕਿਸੇ ਮਤਲਬ ਲਈ ਇਸਤੇਮਾਲ ਕਰ ਲਵੇ। ਕਿਸੇ ਵੀ ਮਨੁੱਖ ਨੂੰ ਇਕ ਮਾਧਿਅਮ ਦੀ ਤਰ੍ਹਾਂ ਇਸਤੇਮਾਲ ਕਰਨਾ ਠੀਕ ਨਹੀਂ ਹੈ ਪਰ ਇਹ ਅੱਜ ਦੀ ਜ਼ਿੰਦਗੀ ਵਿੱਚ ਆਮ ਹੋ ਗਿਆ ਹੈ। ਮਾਨਸਿਕ ਤੌਰ ਤੇ ਮਜ਼ਬੂਤ ਇਨਸਾਨ ਹੀ ਅੱਜ ਦੇ ਸਮੇਂ ਵਿਚ ਜੀਅ ਸਕਦਾ ਹੈ। ਇਕ ਸੰਵੇਦਨਸ਼ੀਲ ਮਨੁੱਖ ਅੱਜ ਦੇ ਸਮਾਜ ਵਿੱਚ ਜੀਣਾ ਬਹੁਤ ਔਖਾ ਹੈ। ਆਪਣਾ ਸੰਵੇਦਨਸ਼ੀਲਤਾ ਦਾ ਪੈਮਾਨਾ ਬਦਲ ਲਓ। ਲੋਕਾਂ ਨਾਲ ਉਹੋ ਜਿਹਾ ਹੀ ਵਿਹਾਰ ਕਰੋ ਜਿਹੋ ਜਿਹਾ ਉਹ ਤੁਹਾਡੇ ਨਾਲ ਕਰਦੇ ਹਨ। ਆਪਣੀ ਮਾਨਸਿਕ ਸਿਹਤ ਨੂੰ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ। ਜਿਸ ਵਿਅਕਤੀ ਕਰਕੇ ਤੁਹਾਡੇ ਮਨ ਨੂੰ ਦੋ ਵਾਰ ਠੇਸ ਲੱਗੀ ਉਸ ਤੋਂ ਦੂਰੀ ਬਣਾ ਲਓ। ਇੱਕ ਗੱਲ ਹਮੇਸ਼ਾਂ ਯਾਦ ਰੱਖੋ ਜ਼ਿੰਦਾ ਰਹਿਣ ਲਈ ਸਿਰਫ਼ ਸਾਹਾਂ ਦੀ ਜ਼ਰੂਰਤ ਹੈ। ਜਿਨ੍ਹਾਂ ਬਾਰੇ ਅਸੀਂ ਸੋਚਦੇ ਹਾਂ ਕਿ ਉਨ੍ਹਾਂ ਤੋਂ ਬਿਨਾਂ ਅਸੀਂ ਨਹੀਂ ਜੀਅ ਸਕਦੇ ਦਰਅਸਲ ਅਸੀਂ ਉਨ੍ਹਾਂ ਬਿਨਾਂ ਵੀ ਜੀਅ ਸਕਦੇ ਹਾਂ। ਆਪਣਾ ਖਿਆਲ ਰੱਖੋ। ਆਪਣੇ ਆਪ ਨੂੰ ਖੁਸ਼ ਰੱਖੋ। ਇਹ ਤੁਹਾਡਾ ਨੈਤਿਕ ਕਰਤੱਵ ਹੈ।



ਹਰਪ੍ਰੀਤ ਸੰਧੂ

# ਭਾਈਚਾਰੇ 'ਚ ਰਿਸ਼ਤੇ ਦੀ ਜਾਣ-ਪਛਾਣ ਕਰਾਉਂਦੀ ਹੈ 'ਮਿਲਣੀ'

ਵਿਆਹ, ਜੋਕਿ ਦੋ ਪਰਿਵਾਰਾਂ ਨੂੰ ਪਵਿੱਤਰ ਬੰਧਨ ਨਾਲ ਜੋੜਦਾ ਹੈ। ਇਹ ਵਿਆਹ ਹਰ ਧਰਮ 'ਚ ਆਪੋ ਆਪਣੇ ਸੰਸਕਾਰਾਂ ਅਤੇ ਰਸਮ - ਰਿਵਾਜਾਂ ਨਾਲ ਕੀਤਾ ਜਾਂਦਾ ਹੈ। ਇਹ ਰਸਮਾਂ ਰਵਾਇਤਾਂ ਸਾਡੇ ਅਨਮੋਲ ਸੱਭਿਆਚਾਰ ਨੂੰ ਜੀਉਂਦਾ ਰੱਖਣ ਦਾ ਇਕ ਸਾਧਨ ਵੀ ਹਨ ਕਿਓਂਕਿ ਏਹੀ ਸਾਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਲੈਕੇ ਜਾਂਦੀਆਂ ਹਨ। ਵਿਆਹ ਦੀਆਂ ਰਸਮਾਂ ਦੋ ਪਰਿਵਾਰਾਂ ਨੂੰ ਮਿਲਾਉਣ ਅਤੇ ਇੱਕ-ਦੂਜੇ ਨੂੰ ਜਾਣਨ-ਪਛਾਣਨ ਦਾ ਮੌਕਾ ਵੀ ਪ੍ਰਦਾਨ ਕਰਦੀਆਂ ਹਨ। ਜਿਸ ਨਾਲ ਦੋਹਾਂ ਪਰਿਵਾਰਾਂ 'ਚ ਮਜ਼ਬੂਤੀ ਹੋਰ ਵੱਧਦੀ ਹੈ।



ਵਿਆਹਾਂ ਦੀਆਂ ਰਸਮ ਰਿਵਾਜਾਂ ਵਿੱਚੋ ਇਕ ਰਸਮ ਹੈ ' ਮਿਲਣੀ ' ਜਿਸ ਤੋਂ ਭਾਵ ਹੈ 'ਮੇਲ-ਮਿਲਾਪ' ਕਰਨਾ। ਮਿਲਣੀ ਸਾਡੇ ਵਿਆਹਾਂ ਦੀ ਇੱਕ ਮਹੱਤਵਪੂਰਨ ਰਸਮ ਹੈ। ਇਹ ਦੋ ਪਰਿਵਾਰਾਂ ਵਿੱਚ ਪਿਆਰ, ਸਨਮਾਨ ਅਤੇ ਭਾਈਚਾਰੇ ਦੇ ਰਿਸ਼ਤੇ ਦੀ ਜਾਣ-ਪਛਾਣ ਕਰਾਉਣ ਲਈ ਕੀਤੀ ਜਾਂਦੀ ਹੈ। ਮਿਲਣੀ ਆਮ ਤੌਰ 'ਤੇ ਵਿਆਹ ਵਾਲੇ ਦਿਨ, ਜਦੋਂ ਲੜਕੇ ਵਾਲੇ ਬਰਾਤ ਲੈਕੇ ਲੜਕੀ ਵਾਲਿਆਂ ਦੇ ਘਰ ਜਾਂ ਵਿਆਹ ਦੇ ਸਥਾਨ 'ਤੇ ਪਹੁੰਚਦੇ ਹਨ ਉਦੋਂ ਕੀਤੀ ਜਾਂਦੀ ਹੈ। ਮਿਲਣੀ, ਦੋਹਾਂ ਪਰਿਵਾਰਾਂ ਦੇ ਵੱਡੇ ਬਜ਼ੁਰਗ ਅਤੇ ਮਹੱਤਵਪੂਰਨ ਵਿਅਕਤੀ ਇਕ ਦੂਜੇ ਨੂੰ ਗਲਵੱਕੜੀ ਪਾਕੇ ਕਰਦੇ ਹਨ। ਇਹਨਾਂ ਮਿਲਣੀਆਂ ਦੀ ਗਿਣਤੀ ਵੀ ਕਈ ਵਾਰ ਦੱਸ ਤੋਂ ਪੰਦਰਾਂ ਤੱਕ ਪਹੁੰਚ ਜਾਂਦੀ ਸੀ। ਪੰਜਾਬ ਦੇ ਵਿਆਹਾਂ 'ਚ ਮਿਲਣੀ ਦੀ ਰਸਮ ਕਰਨ ਵੇਲੇ ਦੋਵੇਂ ਧਿਰ ਆਹਮੋ ਸਾਹਮਣੇ ਖੜ੍ਹੇ ਹੁੰਦੇ ਹਨ। ਭਾਈ ਜੀ ਵਲੋਂ ਅਰਦਾਸ ਕਰਨ ਉਪਰੰਤ ਲੜਕੇ ਦੇ ਪਿਤਾ ਜਾਂ ਵੱਡੇ ਬਜ਼ੁਰਗ ਨੂੰ ਲੜਕੀ ਦੇ ਪਿਤਾ ਜਾਂ ਪਰਿਵਾਰ ਵਲੋਂ ਕਿਸੇ ਵੱਡੇ ਬਜੁਰਗ ਨਾਲ ਮਿਲਾਇਆ ਜਾਂਦਾ ਹੈ। ਆਮ ਤੌਰ 'ਤੇ ਇੱਕ ਦੂੱਜੇ ਨੂੰ ਫੁੱਲਾਂ ਦਾ ਹਾਰ ਪਾਕੇ ਗਲਵੱਕੜੀ ਪਾਈ ਜਾਂਦੀ, ਮੂੰਹ ਮਿੱਠਾ ਕੀਤਾ ਜਾਂਦਾ ਹੈ ਅਤੇ ਇੱਕ ਦੂਜੇ ਤੋਂ ਨੋਟ ਵਾਰਿਆ ਜਾਂਦਾ, ਲੱਗੀਆ ਨੂੰ ਲਾਗ ਮਿਲਦਾ। ਇਸ ਤੋਂ ਬਾਅਦ ਲੜਕੀ ਪਰਿਵਾਰ ਵੱਲੋ ਆਪਣੀ ਇੱਛਾ ਮੁਤਾਬਿਕ ਲੜਕੇ ਦੇ ਪਿਤਾ ਜਾਂ ਵੱਡੇ ਬਜ਼ੁਰਗ ਨੂੰ ਮਾਨ ਆਦਿ ਵੀ ਦਿੱਤਾ ਜਾਂਦਾ। ਇਸ ਮਿਲਣੀ ਤੋਂ ਬਾਅਦ ਦੋਹਾਂ ਪਰਿਵਾਰਾਂ ਦੇ ਚਾਚੇ,ਤਾਏ,ਮਾਮੇ,ਜੀਜੇ,ਫੁੱਫੜ,ਭਰਾ ਇਕ ਦੂਜੇ ਨਾਲ ਇਸ ਰਸਮ ਨੂੰ ਅਦਾ ਕਰਦੇ ਹਨ। ਇਸ ਤੋਂ ਇਲਾਵਾ ਦੋਹਾਂ ਪਰਿਵਾਰਾਂ ਦੇ ਕੁੜਮ ਵੀ ਆਪੋ ਆਪਣੇ ਕੁੜਮਾ ਨਾਲ ਇਸ ਰਸਮ ਦਾ ਹਿੱਸਾ ਬਣਦੇ ਹਨ।

ਜਿੱਥੇ ਵਿਆਹ ਦੀ ਹਰ ਰਸਮ ਗੀਤਾਂ ਤੋਂ ਬਿਨਾਂ ਅਧੂਰੀ ਹੈ ਉੱਥੇ ਹੀ ਇਸ ਰਸਮ ਵੇਲੇ ਵੀ ਗੀਤ ਦੇ ਰਾਹੀਂ ਔਰਤਾਂ ਖੁਸ਼ੀ ਦਾ ਇਜ਼ਹਾਰ ਕਰਦੀਆਂ ਅਤੇ ਮਿਲਣੀਆਂ ਦੇ ਸਮੇ " ਮੇਲਾ ਮਿਲਣੀ ਦਾ, ਮਿਲਣੀ ਦਾ,ਮੇਲ ਦਿਓ ਮਹਾਰਾਜ, ਮੇਲਾ ਮਿਲਣੀ ਦਾ...।" ਗੀਤ ਨੂੰ ਗਾਉਂਦੀਆਂ ਹਨ।

ਮਿਲਣੀ ਦਾ ਮਹਤਵ ਦੋ ਪਰਿਵਾਰਾਂ ਨੂੰ ਇਕ ਦੂਜੇ ਦੇ ਪਿਆਰ ਅਤੇ ਸਨਮਾਨ ਨਾਲ ਜੋੜਨਾ ਹੈ। ਇਹ ਰਸਮ ਸਾਂਝ ਵਧਾਉਣ ਦਾ ਮੌਕਾ ਵੀ ਦਰਸਾਉਂਦੀ ਹੈ। ਇਸ ਦੌਰਾਨ ਦੋਹਾਂ ਪਰਿਵਾਰਾਂ ਦੇ ਬਜ਼ੁਰਗ ਇੱਕ ਦੂਜੇ ਨਾਲ ਪਿਆਰ ਭਰੀਆਂ ਗੱਲਾਂ ਕਰਦੇ ਹਨ, ਪੁਰਾਣੀਆਂ ਯਾਦਾਂ ਸਾਂਝੀਆਂ ਕਰਦੇ ਹਨ। ਇਸ ਰਸਮ ਦੁਆਰਾ, ਵਿਆਹ ਸਿਰਫ ਦੋ ਵਿਅਕਤੀਆਂ ਦਾ ਮੇਲ ਹੀ ਨਹੀਂ ਬਲਕਿ ਦੋ ਪਰਿਵਾਰਾਂ ਦਾ ਮਿਲਾਪ ਵੀ ਬਣ ਜਾਂਦਾ ਹੈ। ਅੱਜ ਦੇ ਸਮੇਂ ਇਹ ਪੁਰਾਤਨ ਰੀਤ " ਮਿਲਣੀ " ਵਿਆਹਾਂ ਚੋਂ ਅਲੋਪ ਹੁੰਦੀ ਨਜ਼ਰ ਆ ਰਹੀ ਹੈ ਜਿੱਥੇ ਰਿਸ਼ਤੇਦਾਰੀਆਂ 'ਚ ਆਈ ਕੁੜੱਤਣ ਜਾਂ ਮਨ-ਮੁਟਾਵ ਨੇ ਇਸ ਮਿਲਣੀਆਂ ਦੀ ਗਿਣਤੀ ਨੂੰ ਇੱਕ ਸੀਮਿਤ ਦਾਇਰੇ 'ਚ ਲੈਕੇ ਆਉਂਦਾ ਉੱਥੇ ਹੀ ਵਿਆਹਾਂ 'ਚ ਹੋ ਰਹੇ ਵਾਧੂ ਖਰਚੇ ਅਤੇ ਸਮਾਂ ਬਚਾਉਣ ਲਈ ਵੀ ਇਹ ਸਾਰੇ ਰਸਮ ਰਿਵਾਜ਼ ਖ਼ਤਮ ਹੋ ਰਹੇ ਹਨ। ਇਸ ਤੋਂ ਇਲਾਵਾ ਆਧੁਨਿਕ ਸਮਾਜ ਵਿੱਚ ਬਹੁਤ ਸਾਰੇ ਲੋਕ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਆ ਰਹੇ ਹਨ। ਜਿਸ ਕਾਰਨ ਉਹ ਇਹਨਾਂ ਰਸਮਾਂ ਨੂੰ ਮਹੱਤਤਾ ਨਹੀਂ ਦੇ ਰਹੇ ਅਤੇ ਮਿਲਣੀਆਂ ਵਰਗੀਆਂ ਰਸਮਾਂ ਨੂੰ ਛਡਿਆ ਜਾ ਰਿਹਾ ਹੈ।



ਬੇਦੀ ਬਲਦੇਵ, ਜਲੰਧਰ

GTA Plumbling & Electrical Supplies
GTA Plumbing & Electrical Supplies

ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Stratheam Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234

Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ

STOP
ਨਸ਼ਾ ਛੁਡਾਓ
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ

ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਰਾਸ਼ੀਫਲ

**ਮੇਖ :** ਆਪਣੀਆਂ ਭਾਵਨਾਵਾਂ ਤੇ ਖਾਸ ਤੌਰ ਤੇ ਗੁੱਸੇ ਉੱਪਰ ਕਾਬੂ ਰੱਖੋ। ਅੱਜ ਵਪਾਰ ਵਿਚ ਚੰਗਾ ਖਾਸਾ ਲਾਭ ਹੋਣ ਦੀ ਸੰਭਾਵਨਾ ਹੈ ਅੱਜ ਦੇ ਦਿਨ ਆਪਣੇ ਵਪਾਰ ਨੂੰ ਕੋਈਂ ਉਚਾਈਆਂ ਦੇ ਸਕਦਾ ਹੈ। ਅੱਜ ਤੁਹਾਨੂੰ ਆਪਣੀ ਹੁਸ਼ਿਆਰੀ ਅਤੇ ਪ੍ਰਭਾਵ ਦਾ ਉਪਯੋਗ ਸੰਵੇਦਨਸ਼ੀਲ ਘਰੇੱਲੂ ਮੁੱਦਿਆਂ ਨੂੰ ਹੱਲ ਕਰਨ ਦੇ ਲਈ ਕਰਨਾ ਚਾਹੀਦਾ ਹੈ। ਪਿਆਰ ਅਤੇ ਰੋਮਾਂਸ ਤੁਹਾਡੇ ਮੂਡ ਨੂੰ ਖੁਸ਼ੀ ਭਰਿਆ ਰੱਖਣਗੇ। ਅੱਜ ਤੁਸੀ ਲੈਕਚਰ ਅਤੇ ਸੈਮੀਨਾਰ ਵਿਚ ਹਿੱਸਾ ਲੈ ਕੇ ਕਈਂ ਨਵੇਂ ਵਿਚਾਰ ਪਾ ਸਕਦੇ ਹੋ। ਸੰਭਵ ਹੈ ਕਿ ਤੁਹਾਡੇ ਅਤੀਤ ਨਾਲ ਜੁੜਿਆ ਕੋਈ ਸ਼ਖਸ਼ ਅੱਜ ਤੁਹਾਡੇ ਨਾਲ ਸੰਪਰਕ ਕਰੇਗਾ ਅਤੇ ਦਿਨ ਯਾਦਗਾਰ ਬਣ ਜਾਵੇਗਾ। ਤੁਹਾਡੇ ਬਿਹਤਰ ਅੱਧ ਨਾਲ ਰੋਮਾਂਸ ਕਰਨ ਨਾਲ ਇਹ ਵਧੀਆ ਦਿਨ ਹੈ।

**ਬ੍ਰਿਸ਼ਭ :** ਸੰਭਾਵਨਾ ਹੈ ਕਿ ਅੱਜ ਦੇ ਦਿਨ ਤੁਹਾਡੀ ਸਿਹਤ ਠੀਕ ਨਾ ਰਹੇ। ਜੋ ਲੋਕ ਸ਼ੇਅਰ ਬਾਜ਼ਾਰ ਵਿਚ ਪੈਸਾ ਲਗਾਉਂਦੇ ਹਨ ਅੱਜ ਉਨਾਂ ਦਾ ਪੈਸਾ ਡੁੱਬ ਸਕਦਾ ਹੈ ਸਮੇਂ ਦੇ ਰਹਿੰਦੇ ਸੁਚੇਤ ਰਹੋ ਤਾਂ ਤੁਹਾਡੇ ਲਈ ਬੇਹਤਰ ਰਹੇਗਾ। ਜਿੰਨਾ ਤੁਸੀ ਸੋਚਿਆ ਹੈ ਤੁਹਾਡਾ ਵੀਰ ਉਸ ਤੋਂ ਜ਼ਿਆਦਾ ਮਦਦਗਾਰ ਸਾਬਿਤ ਹੋਵੇਗਾ। ਮਤਭੇਦ ਦੇ ਚਲਦੇ ਵਿਅਕਤੀਗਤ ਸੰਬੰਧਾਂ ਵਿਚ ਦਰਾੜ ਪੈ ਸਕਦਾ ਹੈ। ਜਿਸ ਪਹਿਚਾਣ ਅਤੇ ਪੁਰਸਕਾਰ ਦੀ ਉਮੀਦ ਤੁਸੀ ਕਰ ਰਹੇ ਸੀ ਉਹ ਬਾਅਦ ਦੇ ਲਈ ਰੁਕ ਸਕਦੀ ਹੈ ਤੁਹਾਨੂੰ ਨਿਰਾਸ਼ਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਰਾਸ਼ੀ ਦੇ ਵੱਡੇ ਅੱਜ ਦੇ ਦਿਨ ਆਪਣੇ ਪੁਰਾਣੇ ਦੋਸਤਾਂ ਨੂੰ ਮਿਲਣ ਜਾ ਸਕਦੇ ਹਨ। ਲੋਕਾਂ ਦੀ ਦਖਲ ਅੰਦਾਜ਼ੀ ਕਾਰਨ ਵਿਆਹੁਤ ਸੰਬੰਧਾ ਵਿਚ ਮੁਸ਼ਕਿਲ ਖੜੀ ਹੋ ਸਕਦੀ ਹੈ।

**ਮਿਥੁਨ :** ਦਿਲ ਵਾਲੇ ਰੋਗੀਆਂ ਨੂੰ ਕੋਫੀ ਛੱਡਣ ਦਾ ਸਹੀ ਸਮੇਂ ਹੈ ਹੁਣ ਇਸ ਦਾ ਇਸਤੇਮਾਲ ਦਿਲ ਤੇ ਅਤਿਰਿਕਿਤ ਦਬਾਅ ਪਾਵੇਗਾ। ਦੂਸਰਿਆਂ ਨੂੰ ਪ੍ਰਭਾਵਿਤ ਕਰਨ ਦੇ ਲਈ ਲੋੜ ਤੋਂ ਜ਼ਿਆਦਾ ਖਰਚ ਨਾ ਕਰੋ। ਕੋਈ ਪੁਰਾਣਾ ਦੋਸਤ ਸ਼ਾਮ ਦੇ ਸਮੇਂ ਫੋਨ ਕਰ ਪੁਰਾਣੀਆਂ ਯਾਦਾਂ ਤਾਜ਼ਾ ਕਰ ਸਕਦਾ ਹੈ। ਵਾਦ ਵਿਵਾਦਤ ਮੁੱਦਿਆਂ ਨੂੰ ਉਠਾਉਣ ਤੋਂ ਬਚੋ ਕੀ ਹੋਇਆ ਜੇਕਰ ਤੁਸੀ ਅੱਜ ਡੇਟ ਤੇ ਜਾ ਰਹੇ ਹੋ। ਸਾਂਝੇਦਾਰੀ ਉੱਦਮ ਵਿਚ ਕੀਤੇ ਗਏ ਕੰਮ ਆਖਿਰਕਾਰ ਲਾਭਦਾਇਕ ਸਾਬਿਤ ਹੋਣਗੇ ਪਰੰਤੂ ਤੁਹਾਨੂੰ ਆਪਣੇ ਭਾਗੀਦਾਰਾਂ ਨਾਲ ਕਾਫੀ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਪਣਾ ਸਮਾਂ ਅਤੇ ਤਾਕਤ ਦੂਜਿਆਂ ਦੀ ਮਦਦ ਕਰਨ ਤੇ ਅਰਪਣ ਕਰੋ ਪਰੰਤੂ ਅਜਿਹੇ ਮਾਮਲੇ ਵਿਚ ਸ਼ਾਮਲ ਹੋਣ ਤੋਂ ਬਚੋ ਜਿਨਾਂ ਨਾਲ ਤੁਹਾਡੀ ਕੋਈ ਲੈਣ ਦੇਣ ਨਹੀਂ ਹੈ। ਅੱਜ ਤੁਹਾਡਾ ਜੀਵਨਸਾਥੀ ਤੁਹਾਡੇ ਲਈ ਜ਼ਿਆਦਾ ਸਮਾਂ ਨਹੀਂ ਕੱਢ ਸਕਦਾ ਹੈ।



**ਕਰਕ :** ਅੱਖਾਂ ਦੇ ਮਰੀਜ਼ ਪ੍ਰਦੂਸ਼ਿਤ ਜਗ੍ਹਾਂ ਤੇ ਜਾਣ ਤੋਂ ਬਚੋ, ਕਿਉਂ ਕਿ ਧੂਆਂ ਤੁਹਾਡੀ ਅੱਖਾਂ ਨੂੰ ਹੋਰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਸੰਭਵ ਹੋਵੇ ਤਾਂ ਸੂਰਜ ਦੀ ਤੇਜ਼ ਰੋਸ਼ਨੀ ਤੋਂ ਬਚੋ। ਹਾਲਾਂ ਕਿ ਕੋਈ ਵੀ ਕਿਸੇ ਨੂੰ ਉਧਾਰ ਦੇਣਾ ਜਾਂ ਪੈਸੇ ਦੇਣਾ ਪਸੰਦ ਨਹੀਂ ਕਰਦਾ ਪਰੰਤੂ ਅੱਜ ਤੁਸੀ ਕਿਸੇ ਲੋੜਵੰਦ ਨੂੰ ਪੈਸਾ ਦੇ ਕੇ ਸਕੂਨ ਦਾ ਅਨੁਭਵ ਕਰੋਂਗੇ। ਅਜਿਹੇ ਕੰਮਕਰੋ ਜਿਨਾਂ ਤੋਂ ਤੁਹਾਨੂੰ ਖੁਸ਼ੀ ਮਿਲੇ ਪਰੰਤੂ ਦੂਸਰਿਆਂ ਦੀ ਦਖਲ ਅੰਦਾਜ਼ੀ ਤੋਂ ਬਚੋ। ਤੁਹਾਨੂੰ ਆਪਣੀ ਤਰਫ ਤੋਂ ਸਭ ਬੇਹਤਰ ਤਰੀਕੇ ਨਾਲ ਵਿਵਹਾਰ ਕਰਨ ਦੀ ਲੋੜ ਹੈ ਕਿਉਂ ਕਿ ਅੱਜ ਤੁਹਾਡਾ ਪ੍ਰੇਮੀ ਜਲਦ ਹੀ ਨਾਰਾਜ ਹੋ ਸਕਦਾ ਹੈ। ਕੰਮ ਕਾਰ ਤੋਂ ਬਾਅਦ ਤੁਹਾਡੇ ਸਹਿਕਰਮੀ ਤੁਹਾਨੂੰ ਕਿਸੇ ਛੋਟੇ ਘਰੇੱਲੂ ਉਤਸਵ ਤੇ ਬੁਲਾ ਸਕਦੇ ਹਨ। ਤੁਸੀ ਨਿੱਜੀ ਜਗ੍ਹਾਂ ਦੀ ਮਹੱਤਤਾ ਤੋਂ ਜਾਣੂ ਹੋ ਤੁਹਾਨੂੰ ਅੱਜ ਬਹੁਤ ਖਾਲੀ ਸਮਾਂ ਮਿਲਣ ਦੀ ਸੰਭਵਨਾ ਹੈ ਇਸ ਸਮੇਂ ਵਿਚ ਤੁਸੀ ਕੋਈ ਗੇਮ ਖੇਡ ਸਕਦੇ ਹੋ ਜਾਂ ਜਿੰਮ ਵਿਚ ਜਾ ਸਕਦੇ ਹੋ। ਤੁਹਾਨੂੰ ਅੱਜ ਆਪਣੇ ਵਿਆਹੁਤਾ ਜੀਵਨ ਵਿਚ ਮੁਸ਼ਕਿਲ ਸਮੇਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਸਿੰਘ :** ਬਿਮਾਰੀ ਤੁਹਾਡੀ ਉਦਾਸੀ ਦੀ ਵਜਾਹ ਹੋ ਸਕਦੀ ਹੈ ਤੁਹਾਨੂੰ ਪਰਿਵਾਰ ਵਿਚ ਫਿਰ ਤੋਂ ਖੁਸ਼ੀ ਦਾ ਮਾਹੌਲ ਬਣਾਉਣ ਦੇ ਲਈ ਜਲਦ ਤੋਂ ਜਲਦ ਇਸ ਤੋਂ ਬਾਹਰ ਆਉਣ ਦੀ ਲੋੜ ਹੈ। ਆਪਣੇ ਗੁੱਸੇ ਤੇ ਕਾਬੂ ਰੱਖੋ ਅਤੇ ਦਫਤਰ ਵਿਚ ਸਭ ਨਾਲ ਢੰਗ ਨਾਲ ਵਿਵਹਾਰ ਕਰੋ ਜੇਕਰ ਤੁਸੀ ਅਜਿਹਾ ਨਹੀਂ ਕਰਦੇ ਤਾਂ ਤੁਹਾਡੀ ਜੌਬ ਜਾ ਸਕਦੀ ਹੈ ਅਤੇ ਤੁਹਾਡੀ ਆਰਥਿਕ ਸਥਿਤੀ ਖਰਾਬ ਹੋ ਸਕਦੀ ਹੈ। ਪਰਿਵਾਰ ਵਾਲਿਆਂ ਦਾ ਹਾਸਾ ਮਜ਼ਾਕ ਭਰਿਆ ਬਰਤਾਵ ਵਾਤਾਵਰਣ ਨੂੰ ਹਲਕਾ ਫੁਲਕਾ ਅਤੇ ਖੁਸ਼ੀ ਭਰਿਆ ਬਣਾ ਦਵੇਗੇ। ਅੱਜ ਅਚਾਨਕ ਕਿਸੀ ਨਾਲ ਰੋਮਾਂਟਿਕ ਮੁਲਾਕਾਤ ਹੋ ਸਕਦੀ ਹੈ। ਜੇਕਰ ਤੁਹਾਨੂੰ ਇਕ ਦਿਨ ਦੀ ਛੁੱਟੀ ਤੇ ਜਾਣਾ ਹੈ ਤਾਂ ਚਿੰਤਾ ਨਾ ਕਰੋ ਤੁਹਾਡੀ ਗੈਰਹਾਜ਼ਰੀ ਵਿਚ ਸਾਰੇ ਕੰਮ ਠੀਕ ਚਲਦੇ ਰਹਿਣਗੇ ਅਤੇ ਕਿਸੇ ਖਾਸ ਵਜਾਹ ਨਾਲ ਕੋਈ ਮੁਸ਼ਕਿਲ ਖੜੀ ਹੋ ਵੀ ਜਾਵੇ ਤਾਂ ਤੁਸੀ ਆ ਕੇ ਉਸ ਨੂੰ ਆਸਾਨੀ ਨਾਲ ਹੱਲ ਕਰ ਲਵੋਂਗੇ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਆਪਣੇ ਆਪ ਨੂੰ ਸਮਝਣ ਦੀ ਲੋੜ ਹੈ ਜੇਕਰ ਤੁਹਾਨੂੰ ਲਗਦਾ ਹੈ ਕਿ ਤੁਸੀ ਦੁਨੀਆਂ ਦੀ ਭੀੜ ਵਿਚ ਕਿਤੇ ਖੋ ਗਏ ਹੋ ਤਾਂ ਆਪਣੇ ਲਈ ਸਮਾਂ ਕੱਢੋ ਅਤੇ ਆਪਣੇ ਵਿਅਕਤਿਤਵ ਦਾ ਆਂਕਲਣ ਕਰੋ। ਰੋਮਾਂਟਿਕ ਗਾਣੇ, ਜਗਦੀ ਮੋਮਬੱਤੀਆਂ, ਵਧੀਆ ਖਾਣਾ, ਅਤੇ ਕੁਝ ਡਰਿੰਕ ਇਹ ਦਿਨ ਤੁਹਾਡੇ ਅਤੇ ਤੁਹਾਡੇ ਜੀਵਨਸਾਥੀ ਦਾ ਦਿਨ ਬਣਾ ਦੇਵੇਗਾ।

**ਕੰਨਿਆ:** ਦਿਲ ਵਾਲੇ ਰੋਗੀਆਂ ਨੂੰ ਕੋਫੀ ਛੱਡਣ ਦਾ ਸਹੀ ਸਮੇਂ ਹੈ ਹੁਣ ਇਸ ਦਾ ਇਸਤੇਮਾਲ ਦਿਲ ਤੇ ਅਤਿਰਿਕਿਤ ਦਬਾਅ ਪਾਵੇਗਾ। ਤੁਹਾਡਾ ਧੰਨ ਤੁਹਾਡੇ ਭਵਿੱਖ ਨੂੰ ਖੁਸ਼ਹਾਲ ਬਣਾਉਣ ਲਈ ਤੁਹਾਡੇ ਦੁਆਰਾ ਲਗਾਈਆਂ ਗਈਆਂ ਸਾਰੀਆਂ ਰਕਮਾਂ ਅੱਜ ਲਾਭਦਾਇਕ ਸਿੱਟੇ ਪ੍ਰਾਪਤ ਕਰਨਗੇ। ਪਰਿਵਾਰਕ ਜਿੰਮੇਵਾਰੀਆਂ ਨੂੰ ਨਾ ਭੁਲੋ। ਤੁਹਾਨੂੰ ਆਪਣੇ ਪਾਰਟਨਰ ਦਾ ਨਵਾਂ ਅਲੱਗ ਹੀ ਅੰਦਾਜ਼ ਦੇਖਣ ਨੂੰ ਮਿਲੇਗਾ। ਕੰਮ ਵਿਚ ਮਨ ਲਗਾਉ ਅਤੇ ਸਾਫ ਜ਼ਜਬਾਤੀ ਗੱਲਾਂ ਤੋਂ ਬਚੋ। ਬਾਹਰੀ ਯਾਤਰਾ ਜ਼ਿਆਦਾ ਸੁਖਦਾਇਕ ਨਹੀਂ ਹੋਵੇਗੀ ਪਰੰਤੂ ਖਾਸ ਸੰਪਰਕ ਬਣਾਉਣ ਵਿਚ ਸਹਾਇਤਾ ਕਰੇਗੀ। ਵਿਆਹ ਤੋਂ ਬਾਅਦ ਪਿਆਰ ਕਰਨਾ ਮੁਸ਼ਕਿਲ ਲਗਦਾ ਹੈ ਪਰੰਤੂ ਇਹ ਤੁਹਾਡੇ ਨਾਲ ਦਿਨ ਭਰ ਹੁੰਦਾ ਰਹਿੰਦਾ ਹੈ।

**ਤੁਲਾ :** ਅਚਾਨਕ ਯਾਤਰਾ ਕਰਨਾ ਥਕਾਵਟ ਭਰਿਆ ਸਾਬਿਤ ਹੋਵੇਗਾ। ਪੈਸੇ ਦੀ ਆਵਾਜਾਈ ਲਗਾਤਾਰ ਸਾਰਾ ਦਿਨ ਹੁੰਦੀ ਰਹੇਗੀ ਅਤੇ ਦਿਨ ਦੇ ਖਤਮ ਹੋਣ ਤੋਂ ਬਾਅਦ ਤੁਸੀ ਬਚਤ ਕਰਨ ਵਿਚ ਵੀ ਸ਼ਮਤ ਹੋ ਪਾਉਂਗੇ। ਤੁਹਾਨੂੰ ਚਿੰਤਾ ਤੋਂ ਮੁਕਤ ਹੋ ਕੇ ਆਪਣੇ ਕਰੀਬੀ ਦੋਸਤਾਂ ਅਤੇ ਪਰਿਵਾਰ ਦੇ ਵਿਚ ਖੁਸ਼ੀ ਦੇ ਪਲਾਂ ਨੂੰ ਤਲਾਸ਼ਣਾ ਚਾਹੀਦਾ ਹੈ। ਤੁਹਾਡੀ ਪਿਆਰ ਭਰੀ ਜ਼ਿੰਦਗੀ ਅੱਜ ਤੁਹਾਡੇ ਲਈ ਸੱਚਮੁੱਚ ਸ਼ਾਨਦਾਰ ਰਹਿਣ ਵਾਲੀ ਹੈ। ਰਚਨਾਤਮਕ ਕੰਮ ਵਿਚ ਲੱਗੇ ਲੋਕਾਂ ਦੇ ਲਈ ਸਫਲਤਾ ਨਾਲ ਭਰਿਆ ਦਿਨ ਹੈ ਉਨਾਂ ਨੂੰ ਉਹ ਸ਼ੋਹਰਤ ਅਤੇ ਪਹਿਚਾਣ ਮਿਲੇਗੀ ਜਿਸ ਦੀ ਉਨਾਂ ਨੂੰ ਲੰਬੇ ਸਮੇਂ ਤੋਂ ਉਡੀਕ ਸੀ। ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਅੱਜ ਤੁਸੀ ਸਭ ਲੋਕਾਂ ਨਾਲ ਦੂਰੀ ਬਣਾ ਕੇ ਇਕਾਂਤ ਵਿਚ ਸਮਾਂ ਬਿਤਾਉਣਾ ਪਸੰਦ ਕਰੋਂਗੇ ਅਜਿਹਾ ਕਰਨਾ ਤੁਹਾਡੇ ਲਈ ਸਹੀ ਹੋਵੇਗਾ ਬਹੁਤ ਜ਼ਿਆਦਾ ਸੰਭਾਵਨਾ ਹੈ ਕੀ ਤੁਹਾਡੇ ਅਤੇ ਤੁਹਾਡੇ ਜੀਵਨ ਸਾਥੀ ਦੇ ਵਿਚਕਾਰ ਪਿਆਰ ਖਤਮ ਹੋ ਸਕਦਾ ਹੈ ਮਤਭੇਦਾਂ ਨੂੰ ਸੁਲਝਾਉਣ ਲਈ ਗੱਲਬਾਤ ਕਰੋ ਨਹੀਂ ਤਾਂ ਚੀਜ਼ਾਂ ਹੋਰ ਵਿਗੜ ਸਕਦੀਆਂ ਹਨ।

**ਬ੍ਰਿਸ਼ਚਕ :** ਸਿਹਤ ਦਾ ਖਿਆਲ ਰੱਖੋ ਨਹੀਂ ਤਾਂ ਲੈਣੇ ਦੇ ਦੇਣੇ ਪੈ ਸਕਦਾ ਹੈ। ਪ੍ਰਾਪਤ ਹੋਇਆ ਧੰਨ ਤੁਹਾਡੀ ਉਮੀਦ ਮੁਤਾਬਿਕ ਨਹੀਂ ਹੋਵੇਗਾ। ਅਜਿਹਾ ਦਿਨ ਹੈ ਜਦੋਂ ਕੰਮ ਦਾ ਦਬਾਅ ਘੱਟ ਰਹੇਗਾ ਅਤੇ ਤੁਸੀ ਪਰਿਵਾਰ ਦੇ ਨਾਲ ਸਮਾਂ ਬਿਤਉਣ ਦਾ ਮਜ਼ਾ ਲਵੋਂਗੇ। ਤੁਹਾਡੀ ਪਿਆਰ ਵਚਨਬੱਧਤਾ ਦੀ ਗੱਲ ਕਰੇਗਾ। ਆਪਣੇ ਕੰਮ ਅਤੇ ਪਹਿਲ ਤੇ ਧਿਆਨ ਦਿਉ। ਅਜਿਹੀ ਤਬਦੀਲੀਆਂ ਲਿਆਉ ਜੋ ਤੁਹਾਡੀ ਦਿੱਖ ਨੂੰ ਵਧਾ ਸਕਦੀਆਂ ਹਨ ਅਤੇ ਸੰਭਾਵਿਤ ਪਾਰਟਨਰਾਂ ਪ੍ਰਤੀ ਆਕਰਸ਼ਿਤ ਕਰਨਗੀਆਂ। ਅੱਜ ਤੁਹਾਨੂੰ ਮਹਿਸੂਸ ਹੋਵੇਗਾ ਕਿ ਤੁਹਾਡੇ ਬਿਹਤਰ ਅੱਧ ਦਾ ਕਿੰਨਾ ਅਰਥ ਹੈ।

**ਧਨੂੰ:** ਅਸਚਰਜ ਹੈ ਕਿ ਤੁਹਾਡੇ ਕਿਸੇ ਅੰਗ ਵਿਚ ਦਰਦ ਜਾਂ ਤਣਾਅ ਨਾਲ ਜੁੜੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅੱਜ ਤੁਹਾਨੂੰ ਉਨਾਂ ਰਿਸ਼ਤੇਦਾਰਾਂ ਨੂੰ ਪੈਸਾ ਨਹੀਂ ਦੇਣਾ ਚਾਹੀਦਾ ਜਿਨਾਂ ਨੇ ਹੁਣ ਤੱਕ ਤੁਹਾਡਾ ਪਿੱਛਲਾ ਪੈਸਾ ਵਾਪਿਸ ਨਹੀਂ ਕੀਤਾ। ਭੈਣ ਦੇ ਵਿਆਹ ਦੀ ਖਬਰ ਤੁਹਾਡੇ ਲਈ ਖੁਸ਼ੀ ਦਾ ਸਬੱਬ ਲੈ ਕੇ ਆਵੇਗੀ ਹਾਲਾਂਕਿ ਉਸ ਤੋਂ ਦੂਰ ਰਹਿਣ ਦਾ ਖਿਆਲ ਤੁਹਾਨੂੰ ਉਦਾਸ ਵੀ ਕਰ ਸਕਦਾ ਹੈ ਪਰੰਤੂ ਤੁਹਾਨੂੰ ਭਵਿੱਖ ਨੂੰ ਛੱਡ ਕੇ ਵਰਤਮਾਨ ਦਾ ਪੂਰਾ ਆਨੰਦ ਲੈਣਾ ਚਾਹੀਦਾ ਹੈ। ਜੇਕਰ ਤੁਹਾਨੂੰ ਲਗਦਾ ਹੈ ਕਿ ਤੁਹਾਡਾ ਪਿਆਰ ਤੁਹਾਡੀ ਗੱਲਾਂ ਨੂੰ ਸਮਝ ਨਹੀਂ ਸਕਦਾ ਤਾਂ ਅੱਜ ਉਨਾਂ ਨਾਲ ਸਮਾਂ ਬਿਤਾਉ ਅਤੇ ਆਪਣੀ ਗੱਲਾਂ ਨੂੰ ਸਪਸ਼ਟਤਾ ਦੇ ਨਾਲ ਉਨਾਂ ਦੇ ਸਾਹਮਣੇ ਰੱਖੋ। ਆਪਣੇ ਆਪ ਨੂੰ ਕਿਸੇ ਛੋਟੇ ਪ੍ਰੋਗਰਾਮ ਵਿਚ ਦਾਖਿਲ ਕਰੋ ਜੋ ਤੁਹਾਨੂੰ ਨਵੀਂ ਤਕਨਾਲੋਜੀ ਅਤੇ ਹੁਨਰ ਸਿੱਖਣ ਵਿਚ ਸਹਾਇਤਾ ਕਰੇਗਾ। ਅੱਜ ਸੰਚਾਰ ਤੁਹਾਡਾ ਮਜ਼ਬੂਤ ਬਿੰਦੂ ਰਹੇਗਾ। ਅੱਜ ਤੁਸੀ ਮਹਿਸੂਸ ਕਰੋਂਗੇ ਕਿ ਖੁਸ਼ਹਾਲ ਵਿਆਹੁਤਾ ਜੀਵਨ ਨੂੰ ਕਿਸ ਤਰਾਂ ਮਹਿਸੂਸ ਕੀਤਾ ਜਾਂਦਾ ਹੈ।

**ਮਕਰ :** ਗੱਡੀ ਚਲਾਉਂਦੇ ਸਮੇਂ ਸਾਵਧਾਨ ਰਹੋ। ਜਿਨਾਂ ਲੋਕਾਂ ਨੇ ਆਪਣਾ ਪੈਸਾ ਸੱਟੇਬਾਜ਼ੀ ਵਿਚ ਪੈਸਾ ਲਗਾਇਆ ਹੋਇਆ ਹੈ ਅੱਜ ਉਨਾਂ ਨੂੰ ਨੁਕਸਾਨ ਹੋਣ ਦੀ ਸੰਭਾਵਨਾ ਹੈ ਸੱਟੇਬਾਜ਼ੀ ਤੋਂ ਦੂਰ ਰਹਿਣ ਦੀ ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ। ਸਕੂਲ ਦਾ ਕੰਮ ਪੂਰਾ ਕਰਨ ਦੇ ਲਈ ਬੱਚੇ ਤੁਹਾਡੇ ਤੋਂ ਮਦਦ ਲੈ ਸਕਦੇ ਹਨ। ਤੁਹਾਡੇ ਸੁਪਨੇ ਅਤੇ ਹਕੀਕਤ ਅੱਜ ਪਿਆਰ ਦੀ ਖੁਸ਼ੀ ਵਿਚ ਰਲਗਡ ਹੋ ਜਾਵੇਗੀ। ਵੱਡੇ ਕਾਰੋਬਾਰੀ ਸੋਦੇ ਕਰਦੇ ਸਮੇਂ ਆਪਣੀਆਂ ਭਾਵਨਾਵਾਂ ਤੇ ਕਾਬੂ ਰੱਖੋ। ਦੂਸਰਿਆਂ ਨੂੰ ਯਕੀਨ ਦਿਵਾਉਣ ਲਈ ਤੁਹਾਡੀ ਸ਼ਮੂਲੀਅਤ ਬਹੁਤ ਜ਼ਿਆਦਾ ਲਾਭਦਾਇਕ ਰਹੇਗੀ। ਕਾਫੀ ਦਿਨ ਜ਼ਿੰਦਗੀ ਸੱਚਮੁਚ ਔਖੀ ਲਗਦੀ ਹੈ ਪਰੰਤੂ ਤੁਸੀ ਆਪਣੇ ਜੀਵਨ ਸਾਥੀ ਦੇ ਫਿਰਦੋਸੀ ਵਿਚ ਆਪਣੇ ਆਪ ਨੂੰ ਪਾਉਂਗੇ।

**ਕੁੰਭ:** ਬਾਹਰੀ ਗਤੀਵਿਧੀਆਂ ਤੁਹਾਡੇ ਲਈ ਲਾਭਦਾਇਕ ਹੋਣਗੀਆਂ ਕਿਲੇਬੰਦੀ ਵਾਲੀ ਜੀਵਨ ਸ਼ੈਲੀ ਵਿਚ ਬੰਨੇ ਰਹਿਣਾ ਅਤੇ ਹਮੇਸ਼ਾ ਆਪਣੀ ਸੁਰੱਖਿਆ ਦੀ ਚਿੰਤਾ ਕਰਨਾ ਤੁਹਾਡੇ ਲਈ ਸਰੀਰਕ ਅਤੇ ਮਾਨਸਿਕ ਵਿਕਾਸ ਨੂੰ ਰੋਕ ਦੇਣਗੇ। ਇਹ ਆਦਤ ਤੁਹਾਨੂੰ ਚਿੜਚਿੜਾ ਅਤੇ ਬੈਚੇਨ ਇਨਸਾਨ ਬਣਾ ਸਕਦੀ ਹੈ। ਜਿਨਾਂ ਲੋਕਾਂ ਨੇ ਕਿਸੇ ਰਿਸ਼ਤੇਦਾਰ ਤੋਂ ਪੈਸਾ ਉਧਾਰ ਲਿਆ ਸੀ ਉਨਾਂ ਨੂੰ ਉਧਾਰ ਅੱਜ ਕਿਸੇ ਵੀ ਹਾਲਤ ਵਿਚ ਵਾਪਸ ਕਰਨਾ ਪੈ ਸਕਦਾ ਹੈ। ਬਚਿਆਂ ਦਾ ਪੜ੍ਹਾਈ ਤੇ ਧਿਆਨ ਲਗਾਉਣ ਅਤੇ ਭਵਿੱਖ ਦੇ ਲਈ ਯਜਨਾ ਬਣਾਉਣ ਦੀ ਲੋੜ ਹੈ। ਅੱਜ ਹੀ ਲੰਬੇ ਸਮੇਂ ਤੋਂ ਚਲੇ ਆ ਰਹੇ ਝਗੜਿਆਂ ਨੂੰ ਸੁਲਝਾ ਲਵੋ ਕਿਉਂ ਕਿ ਹੋ ਸਕਦਾ ਹੈ ਕਿ ਕੱਲ ਬਹੁਤ ਦੇਰ ਹੋ ਜਾਵੇ ਜੇਕਰ ਤੁਹਾਨੂੰ ਲਗਦਾ ਹੈ ਕਿ ਤੁਸੀ ਦੂਸਰਿਆਂ ਦੀ ਮਦਦ ਬਿਨਾਂ ਮਹੱਤਵਪੂਰਨ ਕੰਮਾਂ ਨੂੰ ਕਰ ਸਕਦੇ ਹੋ ਤਾਂ ਤੁਹਾਡੀ ਸੋਚ ਕਾਫੀ ਗਲਤ ਹੈ। ਅੱਜ ਤੁਸੀ ਉਹ ਸਭ ਕੁਝ ਕਰਨਾ ਚਾਹੋਂਗੇ ਜੋ ਚੀਜ਼ਾਂ ਤੁਸੀ ਬਚਪਨ ਵਿਚ ਪਿਆਰ ਨਾਲ ਕਰਦੇ ਸੀ। ਅੱਜ ਤੁਹਾਡਾ ਜੀਵਨ ਸਾਥੀ ਤੁਹਾਡੀ ਸਿਹਤ ਦੇ ਪ੍ਰਤੀ ਅਸੰਵੇਦਨਸ਼ੀਲ ਹੋ ਸਕਦਾ ਹੈ।

**ਮੀਨ:** ਅਸੁਵਿਧਾ ਤੁਹਾਡੀ ਮਾਨਸਿਕ ਸ਼ਾਤੀ ਨੂੰ ਭੰਗ ਕਰ ਸਕਦੀ ਹੈ। ਦਿਨ ਚੜ੍ਹਨ ਤੋਂ ਬਾਅਦ ਆਰਥਿਕ ਤੌਰ ਤੇ ਸੁਧਾਰ ਆਵੇਗਾ। ਜਿੰਨਾ ਤੁਸੀ ਸੋਚਿਆ ਹੈ ਤੁਹਾਡਾ ਵੀਰ ਉਸ ਤੋਂ ਜ਼ਿਆਦਾ ਮਦਦਗਾਰ ਸਾਬਿਤ ਹੋਵੇਗਾ। ਘਰ ਵਿਚ ਮੁਸ਼ਕਿਲਾਂ ਪੈਦਾ ਹੋ ਸਕਦੀਆਂ ਹਨ ਪਰੰਤੂ ਤੁਸੀ ਸਾਥੀ ਨੂੰ ਛੋਟੀਆਂ ਛੋਟੀਆਂ ਗੱਲਾਂ ਤੇ ਤਾਨੇ ਦੇਣ ਤੋਂ ਬਚੋ। ਦੋਸਤ ਤੁਹਾਨੂੰ ਤਾਰੀਫ ਨਾਲ ਸਰੋਬਰ ਕਰ ਦੇਣਗੇ ਕਿਉਂ ਕਿ ਤੁਸੀ ਬਹੁਤ ਸਖਤ ਕੰਮ ਪੂਰਾ ਕਰਨ ਵਿਚ ਕਾਮਯਾਬ ਹੋਵੋਂਗੇ। ਯਾਤਰਾ ਦੇ ਦੋਰਾਨ ਤੁਸੀ ਨਵੇਂ ਸਥਾਨਾ ਨੂੰ ਜਾਣਗੇ ਅਤੇ ਖਾਸ ਲੋਕਾਂ ਨਾਲ ਮੁਲਾਕਾਤ ਹੋਵੇਗੀ। ਰਿਸ਼ਤੇਦਾਰਾਂ ਦਾ ਦਖਲ ਵਿਆਹੁਤ ਜ਼ਿੰਦਗੀ ਵਿਚ ਮੁਸ਼ਕਿਲ ਪੈਦਾ ਕਰ ਸਕਦਾ ਹੈ।

# ਪੁਸਤਕ ਚਰਚਾ

## ਜ਼ਿੰਦਗੀ ਦੇ ਸਫ਼ਰ ਦੀਆਂ ਪਰਤਾਂ ਫਰੋਲਦੇ ਨਿਬੰਧਾਂ ਦੀ ਪੁਸਤਕ 'ਸਫ਼ਰ ਦਰ ਸਫ਼ਰ'




ਡਾ. ਅਰਵਿੰਦਰ ਸਿੰਘ ਭੱਲਾ ਇਕ ਪ੍ਰਬੁੱਧ ਨਿਬੰਧਕਾਰ ਹਨ। ਉਹਨਾਂ ਨਿਰੰਤਰ ਮਿਆਰੀ ਨਿਬੰਧਾਂ ਦੀ ਸਿਰਜਣਾ ਕਰਕੇ ਪੰਜਾਬੀ ਸਾਹਿਤ ਜਗਤ ਵਿਚ ਵਿਸ਼ੇਸ਼ ਪਛਾਣ ਸਥਾਪਤ ਕੀਤੀ ਹੈ। ਸਾਲ 2024 ਵਿਚ ਉਹਨਾਂ ਦਾ ਦੂਸਰਾ ਨਿਬੰਧ ਸੰਗ੍ਰਹਿ 'ਸਫ਼ਰ ਦਰ ਸਫ਼ਰ' 65 ਨਿਵੇਕਲੇ, ਦਿਲ ਟੁੰਬਵੇਂ ਅਤੇ ਅਜੋਕੀ ਜੀਵਨ ਸ਼ੈਲੀ ਨਾਲ ਬੇਹੱਦ ਢੁਕਵੇਂ ਨਿਬੰਧਾਂ ਦਾ ਗੁਲਦਸਤਾ ਹੈ, ਜਿੰਨ੍ਹਾਂ ਵਿੱਚ ਜ਼ਿੰਦਗੀ ਦੇ ਸਫ਼ਰ ਦੀਆਂ ਕਈ ਪਰਤਾਂ ਦੀ ਖੁਸ਼ਬੋ ਸਮੋਈ ਹੋਈ ਹੈ। ਡਾ. ਅਰਵਿੰਦਰ ਸਿੰਘ ਬਹੁਤ ਦਾਨਿਸ਼ਵਰਾਨਾ ਅੰਦਾਜ਼ ਵਿਚ ਜ਼ਿੰਦਗੀ ਦੇ ਗੂੜ੍ਹੇ ਰਹੱਸਾਂ, ਗੁੰਝਲਦਾਰ ਪਹੇਲੀਆਂ, ਅਣਸੁਲਝੀਆਂ ਤੰਦਾਂ ਨੂੰ ਸ਼ਬਦ ਦਰ ਸ਼ਬਦ ਖੋਲਦੇ ਅਤੇ ਸੁਲਝਾਉਂਦੇ ਜਾਂਦੇ ਹਨ। ਸ਼ੈਲੀ ਦੀ ਰਵਾਨਗੀ, ਬੇਹੱਦ ਢੁਕਵੀਂ ਸ਼ਬਦ ਚੋਣ ਅਤੇ ਸ਼ਾਇਰਾਂ, ਫਿਲਾਸਫਰਾਂ, ਗੁਰੂਆਂ, ਅਧਿਆਤਮਿਕ ਸ਼ਖ਼ਸੀਅਤਾਂ ਤੇ ਬੁਧੀਜੀਵੀਆਂ ਦੇ ਕਥਨਾਂ, ਸ਼ੇਅਰਾਂ ਤੇ ਤੁਕਾਂ ਨੂੰ ਨਿਬੰਧਾਂ ਦੇ ਸਿਰਲੇਖ ਬਣਾਉਣਾ ਅਤੇ ਉਹਨਾਂ ਦੀ ਸਰਲ, ਸਪੱਸ਼ਟ, ਸੰਖੇਪ, ਸੰਤੁਲਿਤ ਅਤੇ ਸਕਾਰਾਤਮਕ ਵਿਆਖਿਆ ਕਿਸੇ ਪ੍ਰਵਚਨ ਵਾਂਗ ਪਾਠਕ ਨੂੰ ਸਰਸ਼ਾਰ ਕਰ ਜਾਂਦੀ ਹੈ। ਡਾ. ਅਰਵਿੰਦਰ ਸਿੰਘ ਆਪਣੇ ਵਿਸ਼ਾਲ ਗਿਆਨ ਭੰਡਾਰ, ਸ਼ਬਦਾਂ ਦੇ ਅਮੁੱਕ ਖ਼ਜ਼ਾਨੇ ਅਤੇ ਜ਼ਿੰਦਗੀ ਦੇ ਡੂੰਘੇ ਤਜਰਬਿਆਂ ਨੂੰ ਇਕ ਖ਼ੂਬਸੂਰਤ ਲੜੀ ਵਿਚ ਪਰੋ ਕੇ ਪਾਠਕਾਂ ਸਾਹਮਣੇ ਇੰਝ ਪੇਸ਼ ਕਰਦੇ ਹਨ ਕਿ ਨਿਬੰਧ ਦਾ ਇਕ-ਇਕ ਅੱਖਰ, ਇਕ-ਇਕ ਵਾਕ, ਇਕ-ਇਕ ਪੈਰਾ ਕੁਠਾਲੀ ਵਿਚ ਤਪ ਕੇ ਨਿਖਰੇ ਸੋਨੇ ਵਾਂਗ ਪ੍ਰਤੀਤ ਹੁੰਦਾ ਹੈ। ਇਹਨਾਂ ਨਿਬੰਧਾਂ ਵਿਚ ਜ਼ਿੰਦਗੀ ਦੇ ਸਫ਼ਰ ਨਾਲ ਜੁੜਿਆ ਸ਼ਾਇਦ ਹੀ ਕੋਈ ਅਜਿਹਾ ਤੱਥ, ਕੋਈ ਅਜਿਹੀ ਪਰਤ, ਕੋਈ ਅਜਿਹਾ ਮਰਹਲਾ, ਕੋਈ ਅਜਿਹਾ ਰਹੱਸ ਹੋਵੇਗਾ ਜਿਸ ਉੱਪਰ ਲੇਖਕ ਨੇ ਆਪਣੀ ਕਲਮ ਦੀ ਰੋਸ਼ਨੀ ਨਾ ਪਾਈ ਹੋਵੇ। ਸਗੋਂ ਇਹ ਰੋਸ਼ਨੀ ਪਾਠਕਾਂ ਦੇ ਮਨਾਂ ਦੇ ਗਹਿਰੇ ਖੂੰਜਿਆਂ ਨੂੰ ਵੀ ਰੋਸ਼ਨ ਕਰਨ ਵਿਚ ਕਾਮਯਾਬ ਹੁੰਦੀ ਹੈ। ਜ਼ਿੰਦਗੀ ਦੇ ਘੁੱਪ ਹਨੇਰਿਆਂ, ਕੰਡਿਆਲੇ, ਅੰਗਿਆਰ ਭਰੇ, ਉਬੜ - ਖਾਬੜ ਰਸਤਿਆਂ ਉੱਤੇ ਰਾਹ ਦਸੇਰੇ ਦਾ ਕੰਮ ਕਰਦੀ ਹੈ। ਦਰਅਸਲ ਇਹ ਨਿਬੰਧ ਮਹਿਜ਼ ਨਿਬੰਧ ਨਾ ਹੋਕੇ ਜ਼ਿੰਦਗੀ ਦੇ ਮੁਸੱਲਸਲ ਸਫ਼ਰ ਦੀ ਅੰਤਰੀਵ ਖ਼ੋਜ ਹਨ। ਇਹ ਖ਼ੋਜ ਹੀ ਉਹ ਪ੍ਰੀਕ੍ਰਿਆ ਹੈ, ਜਿਸ ਰਾਹੀਂ ਸਾਡੇ ਗੁਰੂ ਸਾਹਿਬਾਨ, ਪੀਰ-ਪੈਗੰਬਰ, ਫਿਲਾਸਫਰ ਤੁਰਦੇ ਆਏ ਤੇ ਕੁਲ ਲੁਕਾਈ ਨੂੰ ਆਪਣੀ ਨਿਰੰਤਰ ਸਾਧਨਾ ਤੋਂ ਹਾਸਲ ਕੀਤੇ ਹੀਰੇ ਮੋਤੀਆਂ ਦਾ ਛੱਟਾ ਦੇ ਗਏ ਹਨ। ਡਾ. ਅਰਵਿੰਦਰ ਵੀ ਉਹਨਾਂ ਰਾਹਾਂ ਦੇ ਪਾਂਧੀ ਜਾਪਦੇ ਹਨ।

'ਸਫ਼ਰ ਦਰ ਸਫ਼ਰ' ਦਾ ਪਾਠ ਕਰਦਿਆਂ ਪਾਠਕ ਦੇ ਮਨ ਨੂੰ ਕਈ ਸਵਾਲਾਂ ਦੇ ਜਵਾਬ ਆਪ ਮੁਹਾਰੇ ਮਿਲ ਜਾਂਦੇ ਹਨ। ਜਿਵੇਂ ਮਨੁੱਖੀ ਸਫ਼ਰ ਦਾ ਸਬੱਬ ਕੀ ਹੈ? ਵਿਕਾਰ ਕੀ ਹਨ ਅਤੇ ਮਨੁੱਖ ਵਿਕਾਰਾਂ ਦਾ ਗੁਲਾਮ ਕਿਵੇਂ ਬਣਦਾ ਹੈ? ਸੋਚਾਂ ਅਤੇ ਵਿਚਾਰਾਂ ਦੇ ਚੱਕਰਵਿਊ ਵਿਚ ਫਸੇ ਇਨਸਾਨ ਦਾ ਹਸ਼ਰ ਕੀ ਹੁੰਦਾ ਹੈ? ਨੀਯਤ ਨੂੰ ਮੁਰਾਦ ਦਾ ਅਰਥ ਤੇ ਇਨ੍ਹਾਂ ਦਾ ਅੰਤਰ ਸੰਬੰਧ ਕੀ ਹੈ? ਮਨੁੱਖ ਸਵਾਰਥ ਦੀ ਦਲਦਲ ਵਿਚ ਕਿਉਂ ਧਸਦਾ ਜਾ ਰਿਹਾ ਹੈ? ਕ੍ਰੋਧ, ਤਕਰਾਰ ਤੇ ਉਸ ਤੋਂ ਉਪਜੇ ਪਛਤਾਵੇ ਨੂੰ ਠੱਲ੍ਹ ਕਿਵੇਂ ਪਾਈ ਜਾ ਸਕਦੀ ਹੈ? ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ, ਉਹਨਾਂ ਦੀਆਂ ਕੌੜੀਆਂ ਯਾਦਾਂ ਤੋਂ ਬਾਹਰ ਕਿਵੇਂ ਨਿਕਲਣਾ ਹੈ? ਜ਼ਿੰਦਗੀ ਦੀ ਚਾਲ, ਦਸ਼ਾ ਤੇ ਦਿਸ਼ਾ ਨੂੰ ਕਿਵੇਂ ਪਛਾਣ ਕੇ ਬਦਲਾਵ ਦਾ ਉਪਰਾਲਾ ਕੀਤਾ ਜਾ ਸਕਦਾ ਹੈ? ਕੀ ਜ਼ਲਾਲਤ ਦਾ ਇੰਤਕਾਮ ਲੈਣਾ ਜ਼ਰੂਰੀ ਹੈ? ਰਿਸ਼ਤਿਆਂ ਦੇ ਸੰਸਾਰ ਦੀ ਹਕੀਕਤ ਕੀ ਹੈ? ਗਰੂਰ ਦੀ ਕੰਧ ਢਾਹੁਣ ਦਾ ਕੀ ਢੰਗ ਹੈ? ਮਨੁੱਖੀ ਹਸਤੀ ਦਾ ਅਹਿਸਾਸ, ਰਿਸ਼ਤਿਆਂ ਦੀ ਕਸ਼ਦੀਗੀ ਅਤੇ ਰਿਸ਼ਤਿਆਂ ਨੂੰ ਕਿਵੇਂ ਮਾਣੀਏ? ਜ਼ਿੰਦਗੀ ਦੀ ਮੰਝਧਾਰ ਤੋਂ ਸਾਹਿਲ ਤੱਕ ਕਿਵੇਂ ਅਪੜੀਏ? ਕਦੇ ਨਾ ਪੂਰਾ ਹੋਣ ਵਾਲਾ ਮਨੁੱਖੀ ਅਧੂਰਾਪਨ ਅਤੇ ਸ਼ਖ਼ਸੀਅਤ ਵਿਚ ਜ਼ਰਫ਼ਦਾ ਮਹਤੱਵ। ਬੁਲੰਦੀ ਉਤੇ ਪੁਜ ਕੇ ਇਕੱਲਤਾ ਹੰਢਾਉਂਦਾ ਮਨੁੱਖ। ਜ਼ਿੰਦਗੀ ਵਿਚੋਂ ਹੀਣ ਭਾਵਨਾ ਕਿਵੇਂ ਦੂਰ ਕਰੀਏ? ਕਮਜ਼ੋਰ ਪਲਾਂ ਦਾ ਵਿਚ ਆਤਮਕ ਦਿਰੜਤਾ ਕਿਵੇਂ ਕਾਇਮ ਰੱਖੀ ਜਾ ਸਕਦੀ ਹੈ? ਕਰਮ ਛੱਡ ਕੇ ਕਿਸਮਤ ਨੂੰ ਝੂਰਦਾ ਇਨਸਾਨ ਮਨੁੱਖੀ ਭਾਵਨਾਵਾਂ ਵਿਚ ਵਿਰੋਧਾਭਾਸ ਦਾ ਹੋਣਾ। ਝੂਠੇ ਦਾਅਵਿਆਂ ਉਤੇ ਉਸਾਰੀ ਝੂਠੀ ਇਬਾਰਤ ਦਾ ਨੁਕਸਾਨ, ਦੂਸਰਿਆਂ ਉਤੇ ਹਾਵੀ ਹੋਣ ਦਾ ਬੇਸਬਰਾਪਣ ਆਦਿ ਵਿਸ਼ੇ ਅਜੋਕੇ ਮਨੁੱਖ ਦੇ ਕਿਰਦਾਰ ਲਈ ਬੜੇ ਢੁਕਵੇਂ ਅਤੇ ਅਸਰਦਾਰ ਹਨ। ਸਾਰੇ ਹੀ ਨਿਬੰਧ ਮਨੁੱਖ ਨੂੰ ਆਪਣੇ ਅੰਦਰ ਝਾਤੀ ਮਾਰ ਕੇ ਆਪਣੀਆਂ ਕਮਜ਼ੋਰੀਆਂ ਨੂੰ ਪਛਾਣਨ ਅਤੇ ਉਹਨਾਂ ਤੋਂ ਨਿਜ਼ਾਤ ਪ੍ਰਾਪਤ ਕਰਨ ਦਾ ਵਿਵਹਾਰਿਕ ਗਿਆਨ ਦਿੰਦੇ ਹਨ। ਹਰੇਕ ਰਚਨਾ ਮਨੁੱਖ ਨੂੰ ਸਬਰ ਤੇ ਸੰਤੋਖ ਨਾਲ ਰੱਬ ਦੀ ਰਜ਼ਾ ਵਿਚ ਰਹਿਣ ਕੇ ਸਹਿਜ, ਸਰਲ ਤੇ ਸਿਦਕ ਭਰਪੂਰ ਜੀਵਨ ਜਿਊਣ ਲਈ ਪ੍ਰੇਰਿਤ ਕਰਦਾ ਹੈ। ਇੰਨਾ ਨਿਬੰਧਾਂ ਵਿਚ ਲੇਖਕ ਦਾ ਅਰਜਿਤ ਗਿਆਨ ਤਾਂ ਝਲਕਦਾ ਹੀ ਹੈ ਸਗੋਂ ਉਸ ਦਾ ਨਿਜੀ ਅਨੁਭਵ ਵੀ ਬਹੁਤ ਸਾਰੇ ਮਸਲਿਆਂ ਨੂੰ ਸੁਲਝਾਉਣ ਦਾ ਆਧਾਰ ਬਣਿਆ ਹੈ। ਹਰੇਕ ਨਿਬੰਧ ਪਾਠਕ ਨੂੰ ਸਾਕਾਰਾਤਮਕ ਨਜ਼ਰੀਆ ਰੱਖਦਿਆਂ, ਉਸਾਰੂ ਸੋਚ, ਆਸ਼ਾਵਾਦੀ ਦ੍ਰਿਸ਼ਟੀਕੋਣ ਨਾਲ ਜ਼ਿੰਦਗੀ ਜਿਉਂਣ ਲਈ ਪ੍ਰੇਰਨਾ ਦਿੰਦਾ ਹੈ। ਜੀਵਨ ਜਾਚ ਦੇ ਮੁਢਲੇ ਤੱਤਾਂ ਤੇ ਤੱਥਾਂ ਨੂੰ ਉਜਾਗਰ ਕਰਨਾ ਵੀ ਲੇਖਕ ਦਾ ਉਦੇਸ਼ ਹੈ।

ਡਾ. ਅਰਵਿੰਦਰ ਸਿੰਘ ਦੀ ਭਾਸ਼ਾ ਸ਼ੈਲੀ ਉਤਮ ਨਿਬੰਧਾਂ ਦੇ ਅਨਕੂਲ ਹੈ। ਸੂਚਨਾਵਾਂ ਅਤੇ ਜਾਣਕਾਰੀਆਂ ਦੇ ਹੜ੍ਹ ਵਿਚਾਲੇ ਜੇ ਭਾਸ਼ਾਈ ਕੌਸ਼ਲ ਰਾਹੀਂ ਪੈਦਾ ਕੀਤੀ ਰੋਚਕਤਾ ਨਹੀਂ ਹੁੰਦੀ ਤਾਂ ਨਿਬੰਧ ਕਈ ਵਾਰ ਬੋਰੀਅਤ ਦਾ ਅਹਿਸਾਸ ਕਰਵਾਉਂਣ ਲਗਦੇ ਹਨ, ਲੇਕਿਨ ਡਾ. ਅਰਵਿੰਦਰ ਸਿੰਘ ਇਸ ਪੱਖੋਂ ਸੁਚੇਤ ਹਨ। ਇਸ ਲਈ ਉਹ ਭਾਸ਼ਾ ਵਿਚ ਉਰਦੂ, ਫ਼ਾਰਸੀ, ਹਿੰਦੀ, ਅੰਗਰੇਜ਼ੀ, ਅਤੇ ਪੰਜਾਬੀ ਦੇ ਸ਼ਬਦਾਂ ਦੀ ਵਰਤੋਂ ਕਰਕੇ ਵੰਨਸੁਵੰਨਤਾ ਪੈਦਾ ਕਰਦੇ ਹਨ। ਮਕਬੂਲ ਸ਼ਿਅਰਾਂ ਤੇ ਕਾਵਿ ਟੋਟਿਆਂ ਦੀ ਵਰਤੋਂ ਨਿਬੰਧਾਂ ਨੂੰ ਰਵਾਨੀ ਦੇ ਨਾਲ ਨਾਲ ਕਾਵਿਕਤਾ ਪ੍ਰਦਾਨ ਕਰਦੇ ਹਨ। ਨਿਬੰਧ ਨੂੰ ਡੂੰਘੇ ਅਰਥ ਪ੍ਰਾਪਤ ਹੁੰਦੇ ਹਨ। ਇਹਨਾਂ ਨਿਬੰਧਾਂ ਦੀ ਇਕ ਖੂਬੀ ਇਹ ਵੀ ਹੈ ਕਿ ਪੁਸਤਕ ਦੇ ਵਧੇਰੇ ਨਿਬੰਧ ਸੰਖੇਪ ਹਨ ਅਤੇ ਲੇਖਕ ਨੇ ਕੁੱਜੇ ਵਿਚ ਸਮੁੰਦਰ ਨੂੰ ਭਰਨ ਦਾ ਕੰਮ ਕੀਤਾ ਹੈ। ਇਸ ਲਈ ਇਹਨਾਂ ਨਿਬੰਧਾਂ ਦਾ ਪ੍ਰਭਾਵ ਅਤੇ ਸਮਰੱਥਾ ਪ੍ਰਚੰਡ ਹੈ। ਕਿਧਰੇ ਵੀ ਅਰਥਾਂ, ਭਾਵਨਾਵਾਂ ਜਾਂ ਪਰਤਾਂ ਦਾ ਪੇਤਲਾਪਣ ਨਜ਼ਰ ਨਹੀਂ ਆਉਂਦਾ ਹੈ। ਲੇਖਕ ਨੇ ਵਾਕਾਂ ਨੂੰ ਡੂੰਘੇ ਅਰਥ ਦੇਕੇ ਇਹਨਾਂ ਵਿਚਲੀ ਬੌਧਿਕ ਸਮਰੱਥਾ ਨੂੰ ਵਧਾ ਦਿੱਤਾ ਹੈ। ਇਹੋ ਕਾਰਨ ਹੈ ਕਿ ਇਹ ਨਿਬੰਧ ਇਕੋ ਸਮੇਂ ਆਮ ਸਧਾਰਨ ਪਾਠਕਾਂ ਅਤੇ ਸਾਹਿਤ ਦੇ ਗੰਭੀਰ ਸੂਝਵਾਨ ਪਾਠਕਾਂ ਦੀ ਸਾਹਿਤਕ ਤ੍ਰਿਪਤੀ ਕਰਾਉਣ ਵਿਚ ਕਾਮਯਾਬ ਹਨ।

ਡਾ. ਅਰਵਿੰਦਰ ਸਿੰਘ ਭੱਲਾ ਦੇ ਮਨ ਮੰਦਰ "ਸੱਤਿਅਮ ਸ਼ਿਵਮ ਸੁੰਦਰਮ" ਵਾਲਾ ਸੁਪਨ ਸੰਸਾਰ ਵਸਦਾ ਹੈ। ਜਿਸ ਦੀ ਕਲਪਨਾ ਉਸਾਰੀ ਉਹਨਾਂ ਨੇ ਗੁਰੂ ਸਾਹਿਬਾਨਾਂ ਦੀ ਪਵਿੱਤਰ ਬਾਣੀ ਦਾ ਅਧਿਐਨ ਕਰਨ ਅਤੇ ਦੁਨੀਆ ਭਰ ਦੇ ਤਮਾਮ ਫ਼ਿਲਾਸਫ਼ਰਾਂ ਤੇ ਬੁਧੀਜੀਵੀਆਂ ਦੀਆਂ ਪੁਸਤਕਾਂ ਪੜ੍ਹ ਕੇ, ਉਹਨਾਂ ਦੇ ਵਿਚਾਰਾਂ ਨੂੰ ਜਾਣ ਕੇ, ਸਮਝ ਕੇ ਅਤੇ ਪਛਾਣ ਕੇ ਕੀਤੀ ਹੈ। ਉਹ "ਜ਼ਿੰਦਗੀ ਮਿਲੇਗੀ ਨਾ ਦੁਬਾਰਾ" ਦੀ ਤਰਜ਼ ਉੱਤੇ ਇਸ ਮੌਕੇ ਨੂੰ ਵੱਧ ਤੋਂ ਵੱਧ ਕਲਿਆਣ ਤੇ ਇਸ ਸੰਸਾਰ ਨੂੰ ਹੋਰ ਸੁੰਦਰ ਬਣਾਉਣ ਲਈ ਪ੍ਰੇਰਿਤ ਕਰਦੇ ਹਨ। ਜਿਸ ਵਿਚ ਮਨੁੱਖ ਦਾ ਆਪਣਾ ਤੇ ਸਮਾਜ ਦਾ ਵੀ ਭਲਾ ਹੈ। ਜੋ ਹੈ, ਜੈਸਾ ਹੈ, ਉਸ ਨੂੰ ਹੀ ਸਜਾ ਸੰਵਾਰ ਕੇ ਮਾਣਨ ਅਤੇ ਸਾਂਭਣਯੋਗ ਦੀ ਜੀਵਨ ਜਾਚ ਤੇ ਜਿਉਣ ਦੀ ਕਲਾ ਸਿਖਾਉਂਦੀ ਪੁਸਤਕ 'ਸਫ਼ਰ ਦਰ ਸਫ਼ਰ' ਇਕ ਸ਼ਾਹਕਾਰ ਕਿਰਤ ਹੈ। ਜਿਸ ਲਈ ਡਾ. ਅਰਵਿੰਦਰ ਸਿੰਘ ਨੂੰ ਢੇਰ ਸਾਰੀਆਂ ਮੁਬਾਰਕਾਂ। ਸੁੰਦਰ ਸਰਵਰਕ ਅਤੇ ਛਪਾਈਵਾਲੀ ਇਹ ਪੁਸਤਕ ਪੜ੍ਹਨ, ਮਾਣਨ ਅਤੇ ਸਾਂਭਣਯੋਗ ਪੁਸਤਕ ਹੈ।

—ਡਾ. ਧਰਮਪਾਲ ਸਾਹਿਲ
ਮੋ: 9876156964

## ਪੰਜਾਬੀ ਗਾਇਕ ਗਿੱਪੀ ਗਰੇਵਾਲ ਦੀਆਂ ਵਧੀਆਂ ਮੁਸ਼ਕਿਲਾਂ

### ਮੋਹਾਲੀ ਦੀ ਜ਼ਿਲ੍ਹਾ ਅਦਾਲਤ ਨੇ ਜਾਰੀ ਕੀਤਾ ਸੰਮਨ



ਮੋਹਾਲੀ ਕੋਰਟ ਨੇ ਪੰਜਾਬੀ ਗਾਇਕ ਅਤੇ ਅਦਾਕਾਰ ਗਿੱਪੀ ਗਰੇਵਾਲ ਖਿਲਾਫ ਜ਼ਮਾਨਤੀ ਸੰਮਨ ਜਾਰੀ ਕੀਤਾ ਹੈ। ਮੁਹਾਲੀ ਅਦਾਲਤ ਦੇ ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ ਦੀ ਅਦਾਲਤ ਨੇ ਕੇਸ ਦੇ ਸ਼ਿਕਾਇਤਕਰਤਾ ਰੁਪਿੰਦਰ ਸਿੰਘ ਉਰਫ਼ ਗਿੱਪੀ ਗਰੇਵਾਲ ਨੂੰ ਗਵਾਹੀ ਲਈ ਨੋਟਿਸ ਭੇਜਿਆ ਸੀ। ਗਿੱਪੀ ਗਰੇਵਾਲ ਤਿੰਨ ਪੇਸ਼ੀਆਂ ਤੋਂ ਅਦਾਲਤ ਵਿੱਚ ਪੇਸ਼ ਨਹੀਂ ਹੋ ਰਹੇ ਹਨ। ਜਿਸ ਕਾਰਨ ਅਦਾਲਤ ਨੇ ਉਸ ਨੂੰ ਜ਼ਮਾਨਤੀ ਵਾਰੰਟ ਅਤੇ 5,000 ਰੁਪਏ ਦੀ ਜ਼ਮਾਨਤ ਸਮੇਤ ਪੇਸ਼ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ।

ਦੱਸ ਦਈਏ ਕਿ , 31 ਮਈ, 2018 ਨੂੰ, ਗਿੱਪੀ ਗਰੇਵਾਲ ਨੂੰ ਇੱਕ ਅਣਜਾਣ ਨੰਬਰ ਤੋਂ ਉਸਦੇ ਵਟਸਐਪ 'ਤੇ ਵੌਇਸ ਅਤੇ ਟੈਕਸਟ ਸੁਨੇਹੇ ਪ੍ਰਾਪਤ ਹੋਏ। ਇਸ ਮੈਸੇਜ ਵਿੱਚ ਉਸਨੂੰ ਇੱਕ ਨੰਬਰ ਦਿੱਤਾ ਗਿਆ ਸੀ ਤੇ ਇਸ ਨੰਬਰ 'ਤੇ ਗੈਂਗਸਟਰ ਦਿਲਪ੍ਰੀਤ ਸਿੰਘ ਬਾਬਾ ਨਾਲ ਗੱਲ ਕਰਨ ਲਈ ਕਿਹਾ ਗਿਆ। ਇਸ ਵਿੱਚ ਲਿਖਿਆ ਗਿਆ ਸੀ ਕਿ ਇਹ ਮੈਸੇਜ ਜਬਰੀ ਵਸੂਲੀ ਦੀ ਮੰਗ ਲਈ ਭੇਜਿਆ ਗਿਆ ਹੈ। ਇਸ ਤੋਂ ਬਾਅਦ ਗਿੱਪੀ ਗਰੇਵਾਲ ਨੇ ਇਸ ਦੀ ਸ਼ਿਕਾਇਤ ਮੁਹਾਲੀ ਪੁਲਿਸ ਨੂੰ ਕੀਤੀ। ਅਦਾਲਤ ਨੇ ਕਿਹਾ ਕਿ ਜੇਕਰ ਗਿੱਪੀ ਗਰੇਵਾਲ ਅਗਲੀ ਤਰੀਕ 'ਤੇ ਪੇਸ਼ ਨਹੀਂ ਹੋਏ ਤਾਂ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਜਾਣਗੇ। ਅਗਲੀ ਸੁਣਵਾਈ 20 ਅਗਸਤ ਲਈ ਤੈਅ ਕੀਤੀ ਗਈ ਹੈ।

ਜਾਣਕਾਰੀ ਅਨੁਸਾਰ ਅਦਾਲਤ ਵੱਲੋਂ 4 ਜੁਲਾਈ ਨੂੰ ਗਿੱਪੀ ਗਰੇਵਾਲ ਖਿਲਾਫ ਵਾਰੰਟ ਜਾਰੀ ਕੀਤਾ ਗਿਆ ਸੀ ਅਤੇ ਉਸ ਨੂੰ 10 ਜੁਲਾਈ ਨੂੰ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਗਏ ਸਨ ਪਰ ਬੈਲਿਫ ਨੇ ਅਦਾਲਤ 'ਚ ਰਿਪੋਰਟ ਪੇਸ਼ ਕੀਤੀ ਕਿ ਗਿੱਪੀ ਗਰੇਵਾਲ ਕਈ ਮਹੀਨਿਆਂ ਤੋਂ ਕੈਨੇਡਾ 'ਚ ਹੈ। ਅਜਿਹੇ 'ਚ ਅਦਾਲਤ ਦਾ ਮੰਨਣਾ ਹੈ ਕਿ ਗਿੱਪੀ ਗਰੇਵਾਲ ਮਾਮਲੇ 'ਚ ਸ਼ਿਕਾਇਤਕਰਤਾ ਹੈ ਅਤੇ ਉਸ ਦੀ ਗਵਾਹੀ ਜ਼ਰੂਰੀ ਹੈ, ਇਸ ਲਈ ਅਦਾਲਤ 'ਚ ਉਸ ਦਾ ਫਿਜ਼ਿਕਲੀ ਤੌਰ 'ਤੇ ਹਾਜ਼ਰ ਹੋਣਾ ਜ਼ਰੂਰੀ ਹੈ। ਅਦਾਲਤ ਦੇ ਇਸ ਹੁਕਮ ਦੇ ਬਾਵਜੂਦ ਗਿੱਪੀ ਗਰੇਵਾਲ ਮੰਗਲਵਾਰ ਨੂੰ ਅਦਾਲਤ ਵਿੱਚ ਪੇਸ਼ ਨਹੀਂ ਹੋਏ, ਜਿਸ ਕਾਰਨ ਅਦਾਲਤ ਨੇ ਮੁੜ ਵਾਰੰਟ ਜਾਰੀ ਕਰ ਦਿੱਤਾ।

## ਮਾਂ-ਬੋਲੀ ਪੰਜਾਬੀ ਤੋਂ ਬਿਨਾਂ ਸਮੁੱਚੀ ਪੰਜਾਬੀਅਤ ਨਿਗੂਣੀ : ਡਾ. ਬੱਗਾ!



ਮਾਂ-ਬੋਲੀ ਪੰਜਾਬੀ ਦਾ ਇਤਿਹਾਸ ਬੜਾ ਪੁਰਾਣਾ ਇਤਿਹਾਸ ਹੈ। ਇੰਗਲਿਸ਼ ਦੇ ਪਿਤਾਮਾ ਘਏਾਰਏ ਛਹਅੁਚਏਰ ਨੂੰ ਜੇਕਰ ਅੰਗ੍ਰੇਜ਼ੀ-ਭਾਸ਼ਾ ਦਾ ਪਹਿਲਾ ਫੋਏਟ ਮੰਨ ਲਿਆ ਜਾਵੇ ਤਾਂ ਤੱਥ ਦੱਸਦੇ ਹਨ ਕਿ ਉਸ ਦਾ ਜਨਮ ਸੰਨ 1340 ਵਿਚ ਹੋਇਆ ਸੀ। ਜਦਕਿ 'ਮਾਂ-ਬੋਲੀ' ਪੰਜਾਬੀ ਦੇ ਮਹਾਨ ਅਤੇ ਪਹਿਲੇ ਕਵੀ ਬਾਬਾ ਸ਼ੇਖ਼ ਫਰੀਦ ਜੀ ਦਾ ਜਨਮ ਉਸ ਤੋਂ 167 ਸਾਲ ਪਹਿਲਾਂ ਸੰਨ 1173 ਵਿਚ ਹੋਇਆ ਹੈ। ਸਾਫ਼ ਜ਼ਹਿਰ ਹੈ ਕਿ ਘਏਾਰਏ ਛਹਅੁਚਏਰ, ਪੰਜਾਬੀ ਦੇ ਆਦਿ ਸ਼ਾਇਰ ਬਾਬਾ ਫਰੀਦ ਜੀ ਦੇ ਸ਼ਾਇਦ ਪੜਪੋਤਿਆਂ ਦੀ ਉਮਰ ਦੇ ਬਰਾਬਰ ਦਾ ਹੀ ਹੋਵੇਗਾ। ਜਿਸ ਤੋਂ ਇਹ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਬਿਨਾਂ ਸ਼ੱਕ ਮਾਂ-ਬੋਲੀ ਪੰਜਾਬੀ ਤਾਂ ਅੰਗ੍ਰੇਜ਼ੀ-ਭਾਸ਼ਾ ਤੋਂ ਵੀ ਕਈ ਸਦੀਆਂ ਪੁਰਾਣੀ ਭਾਸ਼ਾ ਹੈ। ਜਦਕਿ ਮੌਜੂਦਾ ਪ੍ਰਚੱਲਿਤ ਤਮਾਮ ਭਾਸ਼ਾਵਾਂ ਵਿਚੋਂ, ਮਾਂ-ਬੋਲੀ ਪੰਜਾਬੀ ਨੂੰ ਸਭ ਤੋਂ ਵਡੇਰੀ 'ਭਾਸ਼ਾ' ਹੋਣ ਦਾ ਮਾਣ ਹਾਸਲ ਹੈ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਡਾ. ਪ੍ਰਗਟ ਸਿੰਘ ਬੱਗਾ, ਪ੍ਰਧਾਨ 'ਵਿਸ਼ਵ ਪੰਜਾਬੀ ਸਾਹਿਤ ਸਭਾ, ਕੈਨੇਡਾ' ਨੇ ਕੀਤਾ।

ਡਾ, ਬੱਗਾ ਨੇ ਖੁਸ਼ੀ ਜਾਹਰ ਕਰਦਿਆਂ ਕਿਹਾ ਕਿ ਬੜੇ ਫਖ਼ਰ ਦੀ ਗੱਲ ਹੈ ਕਿ ਅੱਜ ਪੰਜਾਬੀ-ਬੋਲੀ ਇਨੀਂ ਬਲਵਾਨ ਭਾਸ਼ਾ ਬਣ ਚੁੱਕੀ ਹੈ, ਜੋ ਕੇਵਲ ਇਕ ਜਾਂ ਦੋ ਮੁਲਕਾਂ 'ਚ ਹੀ ਬੋਲਣ ਵਾਲੀ ਭਾਸ਼ਾ ਨਹੀਂ ਰਹਿ ਗਈ ਬਲਕਿ ਹੁਣ ਤਾਂ ਇਹ ਨੇੜ-ਭਵਿੱਖ਼ ਵਿਚ 'ਅੰਤਰ-ਰਾਸ਼ਟਰੀ' ਭਾਸ਼ਾ ਦਾ ਰੂਪ ਧਾਰਨ ਕਰਨ ਜਾ ਰਹੀ ਹੈ। ਮਾਂ-ਬੋਲੀ ਪੰਜਾਬੀ ਬੋਲਣ ਵਾਲੇ ਹਿਤੈਸ਼ੀ ਹੁਣ ਸਿਰਫ਼ ਪੰਜਾਬ ਵਿਚ ਹੀ ਨਹੀਂ ਰਹਿੰਦੇ ਸਗੋਂ ਪੂਰੇ ਭਾਰਤ-ਵਰਸ਼, ਪਾਕਿਸਤਾਨ ਅਤੇ ਇਸ ਤੋਂ ਇਲਾਵਾ ਵਿਸ਼ਵ ਦੇ ਕੋਨੇ-ਕੋਨੇ ਵਿਚ ਵਸੇ ਹੋਏ ਹਨ। ਪੰਜਾਬੀ-ਭਾਸ਼ਾ ਆਪਣੀ ਸਮਰੱਥਾ ਅਤੇ ਮਕਬੂਲੀਅਤ ਕਾਰਨ ਦੁਨੀਆਂ ਦੇ 117 ਮੁਲਕਾਂ ਵਿਚ ਬੋਲੀ ਜਾਣ ਵਾਲੀ ਵਿਸ਼ਾਲ ਭਾਸ਼ਾ ਬਣ ਗਈ ਹੈ। ਤਾਰੀਫ਼ ਦੀ ਗੱਲ ਇਹ ਕਿ ਕੁੱਲ ਦੁਨੀਆਂ ਦੀਆਂ ਵੱਡੀਆਂ ਭਾਸ਼ਾਵਾਂ ਵਿਚੋਂ ਪੰਜਾਬੀ-ਭਾਸ਼ਾ ਦਾ ਸਥਾਨ ਅੱਜ ਸੱਤਵੇਂ ਨੰਬਰ 'ਤੇ ਹੈ।

ਐਨਸਾਈਕਲੋਪੀਡੀਆ ਅਨੁਸਾਰ ਭਾਰਤ ਵਿਚ ਪੰਜਾਬੀ-ਬੋਲੀ ਬੋਲਣ ਵਾਲਿਆਂ ਦੀ ਗਿਣਤੀ 2 ਕਰੋੜ, ਪਾਕਿਸਤਾਨ ਵਿਚ 8 ਤੋਂ 9 ਕਰੋੜ ਅਤੇ ਇੰਗਲੈਂਡ, ਅਮਰੀਕਾ, ਕੈਨੇਡਾ ਅਤੇ ਦੁਬਈ-ਸਿੰਗਾਪੁਰ ਵਰਗੇ ਦੇਸ਼ਾ ਸਮੇਤ 23 ਕਰੋੜ ਤੋਂ ਵੀ ਵੱਧ ਹੈ। ਹੁਣ ਸਾਡੀ 'ਮਾਂ-ਬੋਲੀ' ਪੰਜਾਬੀ ਸਿਰਫ਼ ਪੰਜਾਬ ਅਤੇ ਪੰਜਾਬੀਅਤ ਦੀ ਹੀ ਅਮਿੱਟ ਪਹਿਚਾਣ ਨਹੀਂ ਰਹੀ ਸਗੋਂ ਅੱਜ ਪੰਜਾਬੀ-ਜ਼ੁਬਾਨ ਤੋਂ ਬਿਨਾਂ ਸਮੁੱਚੀ ਪੰਜਾਬੀਅਤ ਨਿਗੂਣੀ ਜਿਹੀ ਜਾਪਦੀ ਹੈ।

ਡਾ. ਪ੍ਰਗਟ ਸਿੰਘ ਬੱਗਾ ਨੇ ਬੜੇ ਮਾਣ ਨਾਲ ਵਰਨਣ ਕਰਦਿਆਂ ਕਿਹਾ ਕਿ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਰਗੇ ਪ੍ਰਗਤੀਸ਼ੀਲ ਮੁਲਕਾਂ ਵਿਚ ਵਿਦੇਸ਼ੀ ਭਾਸ਼ਾਵਾਂ ਦਾ ਬੋਲਬਾਲਾ ਹੋਣ ਦੇ ਬਾਵਜੂਦ ਵੀ ਜੇਕਰ ਅੱਜ ਪੰਜਾਬੀ-ਭਾਸ਼ਾ ਨੂੰ ਵਰਨਣਯੋਗ ਸਥਾਨ ਪ੍ਰਾਪਤ ਹੈ ਤਾਂ ਇਸ ਵਿਚ 'ਮਾਂ-ਬੋਲੀ' ਪੰਜਾਬੀ ਦੇ ਸੱਚੇ-ਸਪੂਤਾਂ ਵਲੋਂ ਮਿਹਨਤ, ਤਨਦੇਹੀ ਅਤੇ ਸਿਰੜ ਨਾਲ ਪਾਇਆ ਜਾ ਰਿਹਾ ਯੋਗਦਾਨ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਉਨਾਂ ਕਿਹਾ ਕਿ ਜ਼ਿਕਰਯੋਗ ਹੈ ਕਿ ਕੈਨੇਡਾ ਵਿਚ ਵਸਦੇ ਪੰਜਾਬੀ-ਭਾਸ਼ਾ ਪ੍ਰਤੀ ਦਿਲ ਵਿਚ ਦਰਦ ਅਤੇ ਅਥਾਹ ਪਿਆਰ ਰੱਖਣ ਵਾਲੇ ਡਾ. ਦਲਬੀਰ ਸਿੰਘ ਕਥੂਰੀਆ ਜੀ ਚੇਅਰਮੈਨ, ਵਿਸ਼ਵ ਪੰਜਾਬੀ ਸਭਾ, ਕੈਨੇਡਾ ਵਰਗੇ ਉੱਦਮੀ ਪੁਰਸ਼, ਆਪਣੇ ਵਿਉਪਾਰਕ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ, ਦੇਸ਼ਾਂ-ਵਿਦੇਸ਼ਾਂ ਵਿਚ 'ਮਾਂ-ਬੋਲੀ' ਪੰਜਾਬੀ ਦੀ ਪ੍ਰਫੁੱਲਤਾ ਲਈ ਸਿਰਤੋੜ ਯਤਨ ਕਰ ਰਹੇ ਹਨ। ਅਗਸਤ 16, 17 ਅਤੇ 18 ਨੂੰ ਵਿਸ਼ਵ ਪੰਜਾਬੀ ਸਭਾ, ਕੈਨੇਡਾ ਵਲੋਂ ਵਿਸ਼ਵ-ਪੱਧਰ 'ਤੇ ਤੀਸਰੀ "ਵਿਸ਼ਵ ਪੰਜਾਬੀ ਕਾਨਫਰੰਸ" ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿਚ ਵਿਸ਼ਵ-ਭਰ ਤੋਂ ਚੋਟੀ ਦੇ ਵਿਦਵਾਨਾਂ, ਲੇਖ਼ਕਾਂ, ਸਿੱਖਿਆ-ਮਾਹਰਾਂ ਤੋਂ ਇਲਾਵਾ ਦੋਵਾਂ ਪੰਜਾਬਾਂ ਦੇ ਬੁੱਧੀਜੀਵੀਆਂ ਨੂੰ ਸਾਂਝੇ-ਰੂਪ ਵਿਚ ਇਕ ਵਿਸ਼ਾਲ ਮੰਚ 'ਤੇ ਇਕੱਠੇ ਕਰਨਾ, ਕਥੂਰੀਆ ਸਾਹਿਬ ਦੇ ਉੱਤਮ-ਪ੍ਰਯੋਜਨ ਦਾ ਇਕ ਸੁੰਦਰ ਨਮੂਨਾ ਹੋਵੇਗਾ। ਤੀਸਰੀ 'ਵਿਸ਼ਵ ਪੰਜਾਬੀ ਕਾਨਫਰੰਸ' ਦਾ ਸਥਾਨ 'ਵਿਸ਼ਵ ਪੰਜਾਬੀ ਭਵਨ' 114 ਕੈਨੇਡੀ ਰੋਡ, ਬਰੈਂਪਟਨ (ਕੈਨੇਡਾ) ਵਿਖੇ ਨਿਯੁਕਤ ਕੀਤਾ ਗਿਆ ਹੈ।

'ਵਿਸ਼ਵ ਪੰਜਾਬੀ ਸਭਾ ਕੈਨੇਡਾ' ਦੇ ਪ੍ਰਧਾਨ ਡਾ. ਬੱਗਾ ਨੇ ਅੰਤ ਵਿਚ ਕਿਹਾ ਕਿ ਸਾਡੀ ਮਾਂ-ਬੋਲੀ ਪੰਜਾਬੀ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਚੇਅਰਮੈਨ ਸਾਹਿਬ ਡਾ. ਕਥੂਰੀਆ ਜੀ ਵਲੋਂ ਵਲੋਂ ਤਿਆਰ ਕੀਤੇ ਜਾ ਰਹੇ 'ਅਦਬੀ-ਸਾਂਝਾਂ' ਦੇ ਇਸ ਪੁਲ ਨੂੰ ਮਜ਼ਬੂਤ ਰੱਖਣਾ, ਚੌੜਾ ਕਰਨਾ ਅਤੇ ਖ਼ੂਬਸੂਰਤ ਬਨਾਉਣਾ, ਸਾਡੀ ਸਮੁੱਚੇ ਤੌਰ 'ਤੇ ਸਮੂਹ ਪੰਜਾਬੀਆਂ ਦੀ ਅਹਿਮ ਜ਼ੁਮੇਵਾਰੀ ਵੀ ਹੈ, ਫ਼ਰਜ਼ ਵੀ ਹੈ ਅਤੇ ਹੱਕ ਵੀ ਹੈ। ਆਓ! ਅਗਸਤ 16, 17 ਅਤੇ 18 ਨੂੰ ਮਨਾਈ ਜਾ ਰਹੀ ਤੀਸਰੀ "ਵਿਸ਼ਵ ਪੰਜਾਬੀ ਕਾਨਫਰੰਸ" ਵਿਚ ਸਾਰੇ ਇਕਜੁੱਟ ਹੋ ਕੇ, 'ਮਾਂ-ਬੋਲੀ' ਪੰਜਾਬੀ ਦਾ ਮਾਣ ਵਧਾਈਏ ਅਤੇ 'ਪੰਜਾਬੀ-ਅਦਬ' ਦੀ ਸਿਰਜਨਾ ਵਿਚ ਜੁਟੇ ਹੋਏ ਡਾ. ਦਲਬੀਰ ਸਿੰਘ ਕਥੂਰੀਆ ਦੇ ਹੱਥ ਮਜ਼ਬੂਤ ਕਰੀਏ..!






# ਕੈਂਮਬ੍ਰਿਜ ਪੰਜਾਬੀ ਖੇਡ ਮੇਲੇ 'ਚ ਭਰਵਾਂ ਇਕੱਠ, ਦਰਸ਼ਕਾਂ ਨੇ ਭਰਪੂਰ ਅਨੰਦ ਮਾਣਿਆ

ਸਟਾਰ ਨਿਊਜ਼:-ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੈਂਮਬ੍ਰਿੱਜ ਵਲੋਂ ਕੈਂਮਬ੍ਰਿਜ ਅਤੇ ਆਲੇ ਦੁਆਲੇ ਦੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ 03 ਅਤੇ 04 ਅਗਸਤ ਦਿਨ ਸ਼ਨਿੱਚਰਵਾਰ ਤੇ ਐਤਵਾਰ ਨੂੰ ਸੇਂਟ ਬੇਨੇਡਿੱਕਟ ਕੈਥਲਿਕ ਸਕੂਲ ਦੀ ਗਰਾਉਂਡ ਵਿੱਚ ਕਰਵਾਇਆ 14ਵਾਂ ਖੇਡ ਮੇਲਾ ਅਮਿੱਟ ਛਾਪ ਛੱਡ ਗਿਆ, ਬੜੀ ਵੱਡੀ ਗਿਣਤੀ ਵਿੱਚ ਵਾਟਰਲੂ ਇਲਾਕੇ ਅਤੇ ਹੋਰ ਆਲੇ ਦੁਆਲੇ ਦੇ ਸ਼ਹਿਰਾਂ ਤੋਂ ਦਰਸ਼ਕ ਇਸ ਮੇਲੇ ਦਾ ਅਨੰਦ ਮਾਣਨ ਲਈ ਪਹੁੰਚੇ। ਮੇਲੇ ਵਿੱਚ ਇਕੱਠ ਨੂੰ ਦੇਖਕੇ ਪੰਜਾਬ ਦੇ ਕਿਸੇ ਪਿੰਡ ਦੇ ਮੇਲੇ ਦਾ ਭੁਲੇਖਾ ਪੈ ਰਿਹਾ ਸੀ। ਇਸ 14ਵੇਂ ਪੰਜਾਬੀ ਖੇਡ ਮੇਲੇ ਵਿੱਚ ਅੰਡਰ 10 ਤੋਂ ਅੰਡਰ 18 ਲੜਕੇ ਅਤੇ ਲੜਕੀਆਂ ਸੌਕਰ ਦੇ ਮੁਕਾਬਲੇ ਹੋਏ ਅਤੇ ਸੌਕਰ ਓਪਨ ਦੇ ਮੁਕਾਬਲੇ ਹੋਏ, ਅੰਡਰ 10 ਤੋਂ ਅੰਡਰ 18 ਦੇ ਲੜਕੇ ਅਤੇ ਲੜਕੀਆਂ ਦੀਆਂ ਦੌੜਾਂ ਕਰਵਾਈਆਂ ਗਈਆਂ, ਅੰਡਰ 10 ਤੋਂ ਅੰਡਰ 18 ਦੇ ਲੜਕੇ ਅਤੇ ਲੜਕੀਆਂ ਦੇ ਲੌਂਗ ਜੰਪ ਦੇ ਮੁਕਾਬਲੇ, ਬਾਸਕਟ ਬਾਲ, ਬੈਂਚ ਪ੍ਰੈਸ ਦੇ ਮੁਕਾਬਲੇ, ਮਰਦਾਂ ਅਤੇ ਔਰਤਾਂ ਲਈ ਰੱਸਾ ਕਸੀ ਦੇ ਮੁਕਾਬਲੇ, ਬਜ਼ੁਰਗਾਂ ਦੇ ਰੱਸੇ ਦੇ ਮੁਕਾਬਲੇ ਕਰਵਾਏ ਗਏ, ਔਰਤਾਂ ਲਈ ਗਾਗਰ ਰੇਸ, ਮਿਊਜ਼ੀਕਲ ਚੇਅਰ ਰੇਸ, ਬੱਚਿਆਂ ਲਈ ਮਿਊਜ਼ੀਕਲ ਰੇਸ, ਆਦਿ ਹੋਰ ਬਹੁਤ ਸਾਰੀਆਂ ਖੇਡਾਂ ਕਰਵਾਈਆਂ ਗਈਆਂ। ਕਬੱਡੀ ਦਾ ਸ਼ੋਅ ਮੈਚ ਮੇਲੇ ਦੀ ਸਮਾਪਤੀ ਦਾ ਸ਼ਿੰਗਾਰ ਬਣਿਆ। ਮੇਲੇ ਦੇ ਮੁੱਖ ਸਪਾਂਸਰ ਸਮਾਰਟਵੇ ਫਰੇਟ ਸਿਸਟਮ ਤੋਂ ਸ਼ਮਸ਼ੇਰ ਸਿੰਘ ਅਤੇ ਰੌਇਲ ਇੰਡੀਅਨ ਬਫੇ ਰੈਸਟੋਰੈਂਟ ਦੇ ਗੁਰਿੰਦਰ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਮਨਮੋਹਣ ਸੰਧੂ ਵਲੋਂ ਦਿੱਤੀ ਜਾਣਕਾਰੀ ਮੁਤਾਬਿਕ ਮੁੱਖ ਤੌਰ 'ਤੇ ਸੌਕਰ ਓਪਨ ਦੇ ਵਿੱਚ 8 ਟੀਮਾਂ ਸਨ ਇਨ੍ਹਾਂ ਵਿੱਚ ਪੰਜਾਬ ਫੁੱਟਬਾਲ ਕਲੱਬ, ਟ੍ਰਾਈਸਿਟੀ ਫੁੱਟਬਾਲ ਕਲੱਬ, ਖਾੜਕੂ ਫੁੱਟਬਾਲ ਕਲੱਬ, ਬਲੀਡਿੰਗ ਲਾਈਨਜ਼ ਕਲੱਬ 1984, ਬ੍ਰੈਂਟਫੋਰਡ ਫੁੱਟਬਾਲ ਕਲੱਬ, ਫੁੱਟਬਾਲ ਕਲੱਬ ਪੰਜਾਬ, ਈਗਲ ਫੁੱਟਬਾਲ ਕਲੱਬ ਅਤੇ ਰਿਵਰਸਾਈਡ ਫੁੱਟਬਾਲ ਕਲੱਬ ਇਨ੍ਹਾਂ ਵਿੱਚੋਂ ਫਾਈਨਲ ਵਿੱਚ ਈਗਲ ਫੁੱਟਬਾਲ ਕਲੱਬ ਜੇਤੂ ਰਹੀ ਅਤੇ ਪੰਜਾਬ ਫੁੱਟਬਾਲ ਕਲੱਬ ਦੂਜੇ ਸਥਾਨ 'ਤੇ ਰਹੀ। ਪਰਦੀਪ ਬੈਂਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਵਾਲੀਬਾਲ ਦੇ ਮੁਕਾਬਲੇ ਵਿੱਚ 4 ਟੀਮਾਂ ਸਨ ਇਨ੍ਹਾਂ ਵਿੱਚ ਕੇਵੀਸੀ ਵਾਲੀਬਾਲ ਕਲੱਬ, ਟਾਈਗਰ ਸਪੋਰਟਸ ਕਲੱਬ, ਐਸਬੀਐਸ ਕ੍ਰਸ਼ਰ ਅਤੇ ਐਸ.ਬੀ.ਐਸ ਕੈਂਮਬ੍ਰਿਜ ਇਨ੍ਹਾਂ ਟੀਮਾਂ ਦੇ ਫਸਵੇਂ ਮੁਕਾਬਲਿਆਂ ਵਿੱਚੋਂ ਫਾਈਨਲ ਵਿੱਚ ਕੇਵੀਸੀ ਵਾਲੀਬਾਲ ਕਲੱਬ ਦੀ ਟੀਮ ਜੇਤੂ ਰਹੀ ਅਤੇ ਟਾਈਗਰ ਸਪੋਰਟਸ ਕਲੱਬ ਦੂਜੇ ਸਥਾਨ 'ਤੇ ਰਹੀ। ਹਰਜੀਤ ਤੱਖਰ ਵਲੋਂ ਸਾਂਝੀ ਕੀਤੀ ਜਾਣਕਾਰੀ ਮੁਤਾਬਿਕ ਰੱਸੇ ਦੇ ਮੁਕਾਬਲੇ ਵਿੱਚ ਕੈਂਮਬ੍ਰਿਜ ਗੁਰਦੁਆਰ ਸਾਹਿਬ ਦੀ ਟੀਮ ਜੇਤੂ ਰਹੀ ਅਤੇ ਉਡਣੇ ਸੱਪ ਟੀਮ ਦੂਜੇ ਨੰਬਰ 'ਤੇ ਰਹੀ। ਬੈਂਚ ਪ੍ਰੈਸ ਦੇ ਮੁਕਾਬਲੇ ਵਿੱਚ ਰੂਪ ਅਟਵਾਲ ਜੇਤੂ ਰਿਹਾ ਅਤੇ ਜੋਧਾ ਰਾਣੂ ਦੂਜੇ ਸਥਾਨ 'ਤੇ ਰਿਹਾ, ਬੈਂਚ ਪ੍ਰੈਸ ਦੇ ਮੁਕਾਬਲਿਆਂ ਦੇ ਅਯੋਜਨ ਵਿੱਚ ਦਲਜੀਤ ਬਰਾੜ, ਕੁਲਵੰਤ ਸਿੰਘ ਅਹਿਮ ਭੂਮਿਕਾ ਨਿਭਾਈ। ਸਨਿੱਚਰਵਾਰ 3 ਅਗਸਤ ਅਤੇ ਐਤਵਾਰ 4 ਅਗਸਤ ਵਾਲੇ ਦਿਨ ਖੇਡਾਂ ਦੀ ਕੁਮੈਂਟਰੀ ਦੀ ਜ਼ਿੰਮੇਵਾਰੀ ਗੁਰਦਾਵਰ ਸੰਧੂ, ਜਸਵੰਤ ਸਿੰਘ, ਗੁਰਜੀਤ ਧਾਲੀਵਾਲ ਵਲੋਂ ਬਾਖੂਬੀ ਨਿਭਾਈ ਗਈ। ਐਤਵਾਰ 4 ਅਗਸਤ ਨੂੰ ਖੇਡਾਂ ਦੀ ਕੁਮੈਂਟਰੀ, ਕਬੱਡੀ ਦੀ ਕੁਮੈਂਟਰੀ ਵਿੱਚ ਜਾਣਿਆਂ ਪਛਾਣਿਆਂ ਨਾਂ ਸ਼ਿੰਦਰ ਧਾਲੀਵਾਲ ਵੱਲੋਂ ਆਪਣੇ ਵੱਖਰੇ ਅੰਦਾਜ ਵਿੱਚ ਕੀਤੀ ਗਈ ਇਨ੍ਹਾਂ ਦੇ ਨਾਲ ਗੁਰਦਾਵਰ ਸੰਧੂ, ਜਸਵੰਤ ਸਿੰਘ ਨੇ ਵੀ ਸਾਥ ਦਿੱਤਾ। ਦੋਨੇ ਦਿਨ ਸਟੇਜ ਤੋਂ ਮੇਲੇ ਦੇ ਸਾਰੇ ਸਪਾਂਸਰਜ਼ ਦਾ ਧੰਨਵਾਦ ਕੀਤਾ ਗਿਆ।

ਮੁੱਖ ਮਹਿਮਾਨਾਂ ਵਿੱਚ ਕੈਂਮਬ੍ਰਿਜ ਦੀ ਮੇਅਰ ਜੈਨ ਲਿਗੈਟ, ਐਮਪੀ ਬ੍ਰਇਨ ਮੇਅ, ਕਿਚਨਰ ਸਾਊਥ-ਹੈਸਪਲਰ ਤੋਂ ਐਮਪੀ ਵਲੇਰੀ ਬ੍ਰੈਡਫਰਡ, ਵਾਟਰਲੂ ਪੁਲਿਸ ਚੀਫ ਮਾਰਕ ਕ੍ਰੋਵੈਲ ਅਤੇ ਉਨ੍ਹਾਂ ਦੇ ਸਹਿਯੋਗੀ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ।

ਕੈਂਮਬ੍ਰਿਜ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਮੁੱਖ ਸੇਵਾਦਾਰ ਸੁਖਵਿੰਦਰ ਸਮਰਾ ਵੱਲੋਂ ਸਮੂਹ ਸਪਾਂਸਰ ਵੀਰਾਂ/ਭੈਣਾਂ ਦਾ, ਸਾਰੇ ਵਲੰਟੀਅਰਜ਼ ਦਾ ਅਤੇ ਸਮੂਹ ਦਰਸ਼ਕਾਂ ਦਾ, ਮੀਡੀਆ ਸਹਿਯੋਗੀ ਪੰਜਾਬ ਸਟਾਰ, ਹਮਦਰਦ, ਪੰਜਾਬੀ ਪੋਸਟ ਅਤੇ ਪਰਵਾਸੀ ਮੀਡੀਆ ਦਾ ਇਸ ਮੇਲੇ ਨੂੰ ਕਾਮਯਾਬ ਕਰਨ ਲਈ ਬਹੁਤ ਧੰਨਵਾਦ ਕੀਤਾ। ਇਸ ਤਰ੍ਹਾਂ ਦੇ ਵੱਡੇ ਸਮਾਗਮ ਨੂੰ ਨੇਪਰੇ ਚਾੜ੍ਹਣ ਲਈ ਵੱਡੀ ਟੀਮ ਹੁੰਦੀ ਹੈ ਇਨ੍ਹਾਂ ਵਿੱਚ ਹੈਰੀ ਬੈਂਸ, ਸਰਬਜੀਤ ਸੰਧੂ, ਅਮਨਦੀਪ ਮੁਸ਼ੀਆਣਾ, ਜਸ ਸਾਦੜਾ, ਬਹਾਦਰ ਖੇਲਾ, ਬਲਜੀਤ ਭੁੱਲਰ, ਹਰਵਿੰਦਰ ਗਰਚਾ, ਜਗਦੀਪ ਪੁਰਬਾ, ਜਸਵੀਰ ਬਰਾੜ, ਹੀਰਾ ਗਿੱਲ, ਟਿੱਕਾ ਸਿੰਘ, ਅਮਨ ਹੰਸ, ਵਿੰਦਾ ਸੰਧੂ, ਰਣਜੀਤ ਸਿੰਘ, ਰਜਿੰਦਰ ਨਾਗਰਾ, ਮੱਖਣ ਸਿੰਘ ਬੜਿਆਲ, ਸੁਖਵੰਤ ਸੰਧੂ, ਮੱਖਣ ਸਮਰਾ ਆਦਿ ਬਹੁਤ ਵੱਡੀ ਟੀਮ ਨੇ ਦਿਨ ਰਾਤ ਮਹਿਨਤ ਕੀਤੀ।

ਮੇਲੇ ਦੀ ਫੋਟੋਗਰਾਫੀ ਪ੍ਰਿੰਸ ਵਲੋਂ ਕੀਤੀ ਗਈ। ਦੋਨੇ ਦਿਨ ਜਿੱਥੇ ਕੈਂਮਬ੍ਰਿਜ ਗੁਰਦੁਆਰਾ ਸਾਹਿਬ ਵਲੋਂ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ, ਉਸ ਦੇ ਨਾਲ ਵੱਖ ਵੱਖ ਵਿਪਾਰਿਕ ਅਦਾਰਿਆਂ ਵਲੋਂ ਵੀ ਖਾਣ/ਪੀਣ ਦੇ ਸਟਾਲ ਲਾਏ ਗਏ ਸਨ, ਜਿਨ੍ਹਾਂ ਵਿੱਚ ਚਾਨੀਆਂ ਟ੍ਰਾਂਸਪੋਰਟ, ਚੜ੍ਹਦੀਕਲਾ ਸਪੋਰਟਸ ਕਲੱਬ, ਪਾਪੂਲਰ ਪੀਜ਼ਾ, ਜੀਨੋਜ਼ ਪੀਜ਼ਾ, ਅਲਾਇੰਸ ਪੇਵਿੰਗ, ਓਮੇਗਾ ਕੈਰੀਅਰ ਵੱਲੋਂ ਵੱਧ ਚੜ੍ਹਕੇ ਸੇਵਾ ਕੀਤੀ ਗਈ। ਬਹੁਤੇ ਸਾਰੇ ਵਿਓਪਾਰੀ ਵੀਰਾਂ/ਭੈਣਾਂ ਵਲੋਂ ਵੱਖ-ਵੱਖ ਸਟਾਲ ਵੀ ਲਾਏ ਗਏ। ਦੋਨੇ ਦਿਨ ਦਰਸ਼ਕਾਂ ਨੇ ਮੇਲੇ ਦਾ ਖੂਬ ਅਨੰਦ ਮਾਣਿਆ।





























## –ਸ਼ਾਂਤਮਈ ਸੰਘਰਸ਼ ਦੀ ਜਿੱਤ ਦਾ ਇਤਿਹਾਸ–

# ਮੋਰਚਾ ਗੁਰੂ ਕਾ ਬਾਗ਼

ਜਿੱਥੇ ਗੁਰਮਤਿ ਦੇ ਸਿਧਾਂਤ ਸੇਵਾ, ਸਿਮਰਨ, ਪ੍ਰੇਮ, ਸਾਂਝ ਅਤੇ ਕੁਰਬਾਨੀ, ਅੱਜ ਤੱਕ ਲਾਗੂ ਹੁੰਦੇ ਵੇਖਦੇ ਹਾਂ, ਉੱਥੇ ਦੂਜੇ ਪਾਸੇ ਅਣਖ, ਬਹਾਦਰੀ, ਨਿਰਭੈਤਾ, ਆਪਣੇ ਹੱਕਾਂ ਲਈ ਜ਼ੁਲਮ ਵਿਰੁੱਧ ਅੰਤ ਤੱਕ ਲੜਨਾ ਵੀ ਸਾਨੂੰ ਵਿਰਸੇ ਵਿੱਚ ਹੀ ਮਿਲਿਆ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨ ਦੇ ਸਮੇਂ ਤੋਂ ਅਜੋਕੇ ਸਮੇਂ ਤੱਕ ਖਾਲਸੇ ਦੀ ਰਾਜ ਸ਼ਕਤੀ ਨਾਲ ਟੱਕਰ ਹੁੰਦੀ ਆਈ ਹੈ। ਤੇਗ ਦੀ ਧਾਰ ਵਿਚੋਂ ਜੰਮਿਆ ਖਾਲਸਾ 'ਕਬਹੂੰ ਨ ਛਾਡੈ ਖੇਤਿ' ਦੀ ਗੁੜਤੀ ਲਈ ਹੋਣ ਕਾਰਨ ਪੁਰਜਾ ਪੁਰਜਾ ਕਟਵਾ ਕੇ ਖਤਮ ਤਾਂ ਭਾਵੇਂ ਹੋ ਜਾਵੇ, ਪਰ ਜਿੱਤ ਤੱਕ ਲੜਦੇ ਰਹਿਣਾ ਕਦੇ ਨਹੀਂ ਭੁੱਲਦਾ। ਅੱਜ ਅਸੀਂ ਸ਼ਾਂਤਮਈ ਸਿੱਖ ਸੰਘਰਸ਼ ਦੀ ਦਾਸਤਾਂ ਬਿਆਨ ਕਰਨ ਵਾਲੇ ਇੱਕ ਅਜਿਹੇ ਹੀ ਸਾਕੇ ਬਾਰੇ ਗੱਲ ਕਰਾਂਗੇ, ਜੋ ਸਿੱਖ ਇਤਿਹਾਸ ਵਿੱਚ ਮੋਰਚਾ ਗੁਰੂ ਕਾ ਬਾਗ਼ ਨਾਂ ਨਾਲ ਜਾਣਿਆ ਜਾਂਦਾ ਹੈ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੇ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈਣਾ ਸ਼ੁਰੂ ਕਰ ਦਿੱਤਾ ਸੀ। ਮਹੰਤਾਂ ਦੇ ਕਬਜ਼ੇ ਹੇਠ ਆਏ ਹੋਏ ਗੁਰਦੁਆਰੇ ਛੁਡਵਾਏ ਜਾ ਰਹੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆ ਚੁੱਕੀ ਸੀ ਅਤੇ ਗੁਰਦੁਆਰਿਆਂ ਅੰਦਰ ਖੁੱਸੀ ਹੋਈ ਮਰਿਯਾਦਾ ਬਹਾਲ ਕੀਤੀ ਜਾ ਰਹੀ ਸੀ। ਅੰਮ੍ਰਿਤਸਰ ਤੋਂ 13 ਕੁ ਮੀਲ ਦੂਰ ਪਿੰਡ ਘੁਕੇਵਾਲੀ ਵਿੱਚ ਗੁਰਦੁਆਰਾ ਗੁਰੂ ਕਾ ਬਾਗ਼ ਸਥਿਤ ਹੈ ਜਿੱਥੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਚਰਨ ਪਾਏ ਸਨ। ਗੁਰਦੁਆਰੇ ਕੋਲ ਗੁਰੂ ਤੇਗ ਬਹਾਦਰ ਜੀ ਨੇ ਇੱਕ ਬਾਗ਼ ਲਗਵਾਇਆ ਸੀ, ਜਿਹੜਾ ਗੁਰੂ ਕਾ ਬਾਗ਼ ਕਰਕੇ ਜਾਣਿਆ ਜਾਣ ਲੱਗਾ। ਇਹ ਗੁਰਦੁਆਰਾ ਮਹੰਤ ਸੁੰਦਰ ਦਾਸ ਦੇ ਕਬਜੇ ਵਿੱਚ ਸੀ। ਇਹ ਮਹੰਤ ਵਿਭਚਾਰੀ ਅਤੇ ਅਯਾਸ਼ ਕਿਸਮ ਦਾ ਵਿਅਕਤੀ ਸੀ ਨਨਕਾਣਾ ਸਾਹਿਬ ਦੇ ਮਹੰਤ ਲਛਮਣ ਦਾਸ ਦਾ ਲੰਗੋਟੀਆ ਯਾਰ ਸੀ। ਸੁੰਦਰ ਦਾਸ ਨੇ ਬਿਨਾਂ ਵਿਆਹ ਕਰਵਾਏ ਤੋਂ ਦੋ ਇਸਤਰੀਆਂ ਈਸ਼ਰੋ ਅਤੇ ਜਗਦੇਈ ਰੱਖੀਆਂ ਹੋਈਆਂ ਸਨ। ਜਦੋਂ ਸੁਧਾਰ ਲਹਿਰ ਦਾ ਧਿਆਨ ਇਸ ਪਾਸੇ ਆਇਆ, ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਦਾਨ ਸਿੰਘ ਅਤੇ ਕਰਤਾਰ ਸਿੰਘ ਝੱਬਰ ਦੀ ਨਿਗਰਾਨੀ ਹੇਠ ਇੱਕ ਜੱਥਾ 31 ਜਨਵਰੀ 1921 ਨੂੰ ਇਸ ਮਹੰਤ ਨੂੰ ਸਮਝਾਉਣ ਲਈ ਭੇਜਿਆ ਗਿਆ। ਇਸ ਜੱਥੇ ਦੇ ਦਲੀਲਪੂਰਨ ਗੱਲ ਕਰਨ ਨਾਲ ਇਸ ਨੇ ਆਪਣੀ ਗਲਤੀ ਕਬੂਲ ਕਰ ਲਈ ਅਤੇ ਜੱਥੇ ਨਾਲ ਇਕਰਾਰ ਕੀਤਾ ਕਿ ਉਹ ਗਲਤ ਕੰਮ ਛੱਡ ਦੇਵੇਗਾ ਅਤੇ ਅੰਮ੍ਰਿਤ ਵੀ ਛਕ ਲਵੇਗਾ। ਉਸ ਨੇ ਅਕਾਲ ਤਖਤ ਤੋਂ ਅੰਮ੍ਰਿਤ ਛਕ ਵੀ ਲਿਆ। ਈਸ਼ਰੋ ਨਾਲ ਵਿਆਹ ਵੀ ਕਰਵਾ ਲਿਆ। ਕੁਝ ਦੇਰ ਲਈ ਸੁਧਰਿਆ ਵੀ ਰਿਹਾ । 23 ਅਗਸਤ 1921 ਨੂੰ ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੇ ਆਪ ਸੰਭਾਲ ਲਿਆ ਸੀ।

8 ਅਗਸਤ 1922 ਨੂੰ ਜਦੋਂ ਕੁਝ ਸਿੰਘ ਗੁਰੂ ਕੇ ਲੰਗਰ ਵਾਸਤੇ ਗੁਰੂ ਕੇ ਬਾਗ ਵਿੱਚੋਂ ਸੁੱਕੇ ਕਿੱਕਰ ਨੂੰ ਕੱਟ ਰਹੇ ਸਨ, ਤਾਂ ਮਹੰਤ ਸੁੰਦਰ ਦਾਸ ਨੇ ਪੁਲਿਸ ਕੋਲ ਸ਼ਿਕਾਇਤ ਲਗਾ ਦਿੱਤੀ। ਜਿਸ ਤੇ ਕਾਰਵਾਈ ਕਰਦੇ ਹੋਏ ਅਗਲੇ ਦਿਨ ਸਰਕਾਰ ਨੇ 5 ਸੇਵਾਦਾਰਾਂ ਨੂੰ ਚੋਰੀ ਦੇ ਦੋਸ਼ ਹੇਠ ਫੜ ਲਿਆ। ਅਤੇ ਮਿਸਟਰ ਜੈਨਕਿਨ ਦੀ ਅਦਾਲਤ ਨੇ 50 ਰੁਪਏ ਜੁਰਮਾਨਾ ਅਤੇ 6 ਮਹੀਨੇ ਦੀ ਕੈਦ ਦੀ ਸਜਾ ਸੁਣਾ ਦਿੱਤੀ। ਇਸ ਗੱਲ ਨੂੰ ਸ਼੍ਰੋਮਣੀ ਕਮੇਟੀ ਸਮੇਤ ਸਮੂਹ ਸਿੱਖਾਂ ਨੇ ਹੱਕਾਂ ਤੇ ਡਾਕਾ ਸਮਝਿਆ। ਕਿਉਂਕਿ ਗੁਰੂ ਕਾ ਬਾਗ਼ ਗੁਰਦੁਆਰੇ ਦੀ ਮਲਕੀਅਤ ਸੀ ਅਤੇ ਆਪਣੀ ਹੀ ਜ਼ਮੀਨ ਵਿਚੋਂ ਗੁਰੂ ਕੇ ਲੰਗਰ ਲਈ ਸੁੱਕੀ ਕਿੱਕਰ ਕੱਟਣੀ ਕਿਵੇਂ ਗੁਨਾਹ ਬਣ ਗਿਆ ? ਇਸ ਲਈ ਪੰਥ ਨੇ ਸੰਘਰਸ਼ ਸ਼ੁਰੂ ਕਰ ਦਿੱਤਾ। ਹਰ ਰੋਜ ਪੰਜ ਸਿੰਘਾਂ ਦਾ ਜੱਥਾ ਅਕਾਲ ਤਖਤ ਤੋਂ ਅਰਦਾਸ ਕਰਕੇ ਗੁਰੂ ਕੇ ਬਾਗ਼ ਲਈ ਚਾਲੇ ਪਾ ਦਿੰਦਾ। ਪੁਲਿਸ ਰਸਤੇ ਵਿੱਚ ਹੀ ਕੁੱਟਣਾ ਸ਼ੁਰੂ ਕਰ ਦਿੰਦੀ। ਲਾਠੀਆਂ ਨਾਲ, ਬੂਟਾਂ ਨਾਲ ਕੁੱਟਦੀ। ਕੇਸਾਂ ਤੋਂ ਫੜ ਕੇ ਧੂੰਹਦੀ । ਅਤੇ ਹੋਰ ਕਿਸੇ ਥਾਂ ਤੇ ਲੈ ਜਾਂਦੀ। ਜਿਉ ਜਿਉ ਪੁਲਿਸ ਦੇ ਅੱਤਿਆਚਾਰ ਵਧਣ ਲੱਗੇ, ਤਿਉ ਤਿਉ ਮੋਰਚੇ ਵਿੱਚ ਜੋਸ਼ ਵੀ ਵੱਧਦਾ ਗਿਆ। ਗ੍ਰਿਫ਼ਤਾਰੀ ਦੇਣ ਵਾਲੇ ਜੱਥੇ ਦੀ ਗਿਣਤੀ ਵੱਧਦੀ ਵੱਧਦੀ ਪਹਿਲਾਂ 100 ਅਤੇ ਫਿਰ 200 ਤੱਕ ਪੁੱਜ ਗਈ। ਪੁਲਿਸ ਮੁਖੀ ਬੀ.ਟੀ. ਨੇ ਹੋਰ ਸਖਤੀ ਵਧਾ ਦਿੱਤੀ,



ਜਿਵੇਂ ਕਿ ਆਮ ਹੀ ਹਰ ਸਰਕਾਰ ਹਰ ਵਿਰੋਧ ਨੂੰ ਸਖਤੀ ਨਾਲ ਕੁਚਲਣ ਦੀ ਸ਼ੌਕੀਨ ਹੁੰਦੀ ਹੈ। 26 ਅਗਸਤ ਨੂੰ ਲੱਕੜ ਲੈਣ ਗਏ 36 ਸਿੰਘਾਂ ਦੇ ਜੱਥੇ ਦੀ ਬੇਤਹਾਸ਼ਾ ਮਾਰ ਕੁੱਟ ਕੀਤੀ ਗਈ। ਕੇਸਾਂ ਤੋਂ ਫੜ ਫੜ ਕੇ ਖਿੱਚਿਆ ਗਿਆ। ਇਸ ਸਾਰੇ ਸੰਘਰਸ਼ ਦੀ ਇੱਕ ਖਾਸ ਗੱਲ ਇਹ ਸੀ ਕਿ ਸਿੰਘ ਪੂਰੀ ਤਰਾਂ ਸ਼ਾਂਤ ਸਨ। ਉਹ ਅਕਾਲ ਤਖ਼ਤ ਤੋਂ ਅਰਦਾਸ ਕਰਕੇ ਚੱਲਦੇ। ਬਾਕਾਇਦਾ ਸਿਰੋਪੇ ਦੇ ਕੇ ਸਨਮਾਨ ਕੀਤਾ ਜਾਂਦਾ। ਅਤੇ ਉਹ ਹਰ ਜ਼ੁਲਮ ਸਹਿੰਦੇ ਹੋਏ, ਆਪਣੀ ਸ਼ਾਂਤੀ ਬਿਲਕੁਲ ਨਾ ਗਵਾਉਂਦੇ। ਨਾ ਵਿਰੋਧ ਵਿੱਚ ਬੋਲਦੇ, ਤੇ ਨਾ ਕਿਸੇ ਤਰ੍ਹਾਂ ਦੀ ਜਵਾਬੀ ਕਾਰਵਾਈ। ਡੀ .ਸੀ. ਡੰਨਿਟ ਅਤੇ ਪੁਲਿਸ ਕਪਤਾਨ ਮੈਕਫਰਸਨ ਹੋਰ ਸਖ਼ਤੀ ਕਰਕੇ ਮੋਰਚੇ ਨੂੰ ਦਬਾਉਣਾ ਚਾਹੁੰਦੇ ਸਨ, ਪਰ ਸਿੰਘਾਂ ਨੂੰ ਮੀਰ ਮੰਨੂੰ ਦੇ ਕੀਤੇ ਜ਼ੁਲਮ ਅਤੇ ਸਿੱਖਾਂ ਦੀ ਚੜ੍ਹਦੀ ਕਲਾ ਯਾਦ ਸੀ। ਮੀਰ ਮੰਨੂੰ ਸਮੇਂ ਸਿੱਖ ਇਹ ਗਾਇਆ ਕਰਦੇ ਸਨ।

ਮੰਨੂੰ ਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ ॥
ਜਿਉ ਜਿਉ ਮੰਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ॥

ਅੱਜ ਵੀ ਹਾਲਤ ਉਸੇ ਤਰਾਂ ਦੇ ਬਣ ਰਹੇ ਸਨ, ਸਰਕਾਰੀ ਤਸ਼ੱਦਦ ਸਿੰਘਾਂ ਨੂੰ ਹੋਰ ਚੜ੍ਹਦੀ ਕਲਾ ਦੇ ਰਿਹਾ ਸੀ । ਉਹ ਹੋਰ ਵਧੇਰੇ ਜੋਸ਼ ਨਾਲ ਜ਼ੁਲਮ ਦਾ ਮੁਕਾਬਲਾ ਸਬਰ ਅਤੇ ਸ਼ਾਂਤੀ ਨਾਲ ਕਰਨ ਲਈ ਮਜਬੂਤ ਹੋ ਰਹੇ ਸਨ । ਕਿਸੇ ਕਵੀ ਨੇ ਸਿੰਘਾਂ ਦੀ ਮਨੋਦਸ਼ਾ ਬਾਰੇ ਲਿਖਿਆ ਹੈ –

ਸਾਡੇ ਪਾਸ ਸਾਂਤਮਈ ਖੰਡਾ, ਤੇਰੇ ਕੋਲ ਜ਼ੁਲਮ ਦਾ ਡੰਡਾ ।
ਖੰਡੇ ਖੰਡ ਖੰਡ ਕਰ ਦੇਣਾ । ਤੇਰਾ ਪਾਪੀ ਦਾ ਸਿਰ ਫੇਹਣਾ ।

ਇਹ ਖੰਡਾ ਅੰਤ ਤੱਕ ਸ਼ਾਂਤਮਈ ਹੀ ਰਿਹਾ। ਇਸੇ ਲਈ ਇਹ ਬਹੁ ਗਿਣਤੀ ਦੀ ਹਮਦਰਦੀ ਵੀ ਹਾਸਲ ਕਰਨ ਵਿਚ ਕਾਮਯਾਬ ਰਿਹਾ। ਪ੍ਰਸਿੱਧ ਕਵੀ ਮੇਲਾ ਰਾਮ ਵਫਾ ਨੇ ਇਹਨਾਂ ਸਿੰਘਾਂ ਬਾਬਤ ਸੱਚ ਹੀ ਲਿਖਿਆ ਹੈ --

ਤੇਰੀ ਕੁਰਬਾਨੀਓ ਕੀ ਧੂਮ ਹੈ ਆਜ ਇਸ ਜਮਾਨੇ ਮੇਂ,
ਬਹਾਦਰ ਹੈ ਅਗਰ ਕੋਈ ਤੋ ਵੋਹ ਇਕ ਤੂ ਅਕਾਲੀ ਹੈ ।
ਜਾਲਮੋ ਕੀ ਲਾਠੀਓਂ ਤੂ ਨੇ ਸਹੀ ਸੀਨਾ–ਏ–ਸਪਰ ਹੋ ਕਰ,
ਲੁਤਫ਼ ਇਸ ਪੇ ਕਿ ਲਬ ਪਹਿ ਸ਼ਿਕਾਇਤ ਹੈ ਨਾ ਗਾਲੀ ਹੈ।

ਮੋਰਚੇ ਦੀ ਲਗਾਤਾਰਤਾ ਨੇ ਬਹੁਤ ਜਨਤਾ ਦਾ ਧਿਆਨ ਖਿੱਚਿਆ। ਖਬਰਾਂ ਅਖਬਾਰਾਂ ਵਿੱਚ ਛਪਦੀਆਂ। ਸਰਕਾਰ ਦੀ ਨਿੰਦਾ ਹੁੰਦੀ। ਸਰਕਾਰ ਹੋਰ ਜ਼ੁਲਮ ਵਧਾਉਂਦੀ ਪਰ ਸਿੰਘ ਟੁੱਟਦੇ ਨਾ। ਇਸ ਸਮੇਂ ਕਾਫੀ ਪ੍ਰਸਿੱਧ ਸ਼ਖਸ਼ੀਅਤਾਂ ਗੁਰੂ ਕੇ ਬਾਗ਼ ਪੁੱਜੀਆਂ। ਇਹਨਾਂ ਵਿੱਚ ਅੰਗਰੇਜ ਪਾਦਰੀ ਸੀ.ਐਫ.ਐਂਡਰਿਯੂਜ, ਪੰਡਿਤ ਮਦਨ ਮੋਹਨ ਮਾਲਵੀਆ, ਰੁਚੀ ਰਾਮ ਸਾਹਨੀ, ਹਲੀਨ ਅਜਮਲ ਖਾਂ ਅਤੇ ਸ੍ਰੀ ਮਤੀ ਸਰੋਜਨੀ ਨਾਇਡੂ ਵੀ ਸਨ। ਪਾਦਰੀ ਸੀ.ਐਫ.ਐਂਡਰਿਊਜ਼ ਤਾਂ ਜ਼ੁਲਮ ਹੁੰਦੇ ਦੇਖ ਕੇ ਰੋ ਹੀ ਉੱਠਿਆ। ਉਸਨੇ ਤਾਂ ਇੱਕ ਈਸਾ ਨੂੰ ਸੂਲੀ ਚੜ੍ਹਦੇ ਸੁਣਿਆ ਸੀ ,ਪਰ ਇੱਥੇ ਕਿੰਨੇ ਹੀ ਈਸਾ ਉਸਦੀਆਂ ਅੱਖਾਂ ਸਾਹਮਣੇ ਜ਼ੁਲਮ ਸਹਿ ਰਹੇ ਸਨ। ਉਹ ਪੰਜਾਬ ਦੇ ਉਸ ਸਮੇਂ ਦੇ ਗਵਰਨਰ ਸਰ ਮੈਕਲੇਗਨ ਨੂੰ ਮਿਲਿਆ ਅਤੇ ਇਸ ਸਭ ਕੁਝ ਨੂੰ ਬੰਦ ਕਰਨ ਲਈ ਕਿਹਾ। ਇਸ ਦੇ ਸਿੱਟੇ ਵਜੋਂ ਸਰ ਮੈਕਲੇਗਨ 13 ਸਤੰਬਰ 1922 ਨੂੰ ਆਪ ਗੁਰੂ ਕੇ ਬਾਗ਼ ਵਿਖੇ ਪੁੱਜਿਆ। ਉਸ ਦੀਆਂ ਦਿੱਤੀਆਂ ਹਦਾਇਤਾਂ ਨਾਲ ਕੁੱਟ ਮਾਰ ਤਾਂ ਬੰਦ ਹੋ ਗਈ ਪਰ ਗ੍ਰਿਫ਼ਤਾਰੀਆਂ ਜਾਰੀ ਰਹੀਆਂ। ਹੁਣ ਮੋਰਚੇ ਵਿੱਚ ਸੇਵਾ ਮੁਕਤ ਫੌਜੀ ਵੀ ਸ਼ਾਮਲ ਹੋ ਗਏ ਸਨ। ਸਰਕਾਰ ਦੀ ਨਿੰਦਾ ਪਹਿਲਾਂ ਹੀ ਬਹੁਤ ਹੋ ਰਹੀ ਸੀ।

ਉਧਰੋਂ ਉਸ ਨੂੰ ਇਹ ਡਰ ਪੈ ਗਿਆ ਕਿ ਕਿਧਰੇ ਸਿੱਖ ਰੈਜਮੈਂਟ ਫੌਜ ਵਿੱਚ ਹੀ ਬਗਾਵਤ ਨਾ ਕਰ ਦੇਵੇ। ਉਸ ਨੇ ਸਰ ਗੰਗਾ ਰਾਮ ਜੋ ਇਕ ਸੇਵਾ ਮੁਕਤ ਇੰਜੀਨੀਅਰ ਸੀ, ਉਸ ਨੂੰ ਮਨਾਇਆ ਅਤੇ ਉਸਨੇ ਬਾਗ਼ ਦੀ ਜ਼ਮੀਨ ਪਟੇ ਤੇ ਲੈ ਲਈ। ਸਿੱਖਾਂ ਨੂੰ ਲੱਕੜਾਂ ਕੱਟਣ ਦੀ ਮਨਜ਼ੂਰੀ ਮਿਲ ਗਈ। ਉਧਰ ਸਰਕਾਰ ਨੇ ਬਾਗ਼ ਤੋਂ ਪੁਲਿਸ ਵਾਪਸ ਬੁਲਾ ਲਈ। ਬੰਦੀ ਸਿੱਖ ਰਿਹਾ ਕਰ ਦਿੱਤੇ। ਇਸ ਤਰਾਂ 7 ਨਵੰਬਰ 1922 ਨੂੰ ਤਿੰਨ ਮਹੀਨੇ ਬਾਅਦ ਇਹ ਮੋਰਚਾ ਸਮਾਪਤ ਹੋਇਆ। ਗੁਰੂ ਕੇ ਬਾਗ਼ ਦੀ ਜਮੀਨ ਉੱਪਰ ਸਿੱਖਾਂ ਦਾ ਕਬਜਾ ਹੋ ਗਿਆ ਅਤੇ ਇਹ ਮੋਰਚਾ ਜਿੱਤ ਦੇ ਰੂਪ ਵਿੱਚ ਸਮਾਪਤ ਹੋਇਆ। ਪਰ ਇਸ ਅਰਸੇ ਦੌਰਾਨ 1500 ਸਿੰਘ ਜ਼ਖ਼ਮੀ ਹੋਏ ਅਤੇ 5605 ਗ੍ਰਿਫ਼ਤਾਰੀਆਂ ਹੋਈਆਂ ਸਨ। ਜ਼ਬਰ ਦਾ ਟਾਕਰਾ ਸਬਰ ਨਾਲ ਕਰਕੇ ਅਤੇ ਪੂਰੇ ਸ਼ਾਂਤ ਰਹਿ ਕੇ ਜਿੱਤ ਆਪਣੇ ਹਿੱਸੇ ਵਿੱਚ ਲਿਖਾ ਕੇ ਇੱਕ ਵਾਰੀ ਫੇਰ ਖਾਲਸੇ ਨੇ ਇਤਿਹਾਸ ਸਿਰਜ ਦਿੱਤਾ ਸੀ। ਅਜਿਹਾ ਇਤਿਹਾਸ ਸਦੀਆਂ ਤੀਕ ਸਿੱਖਾਂ ਨੂੰ ਮਾਣ ਦਿਵਾਉਂਦਾ ਰਹੇਗਾ ਅਤੇ ਆਪਣੀਆਂ ਸਿੱਖੀ ਰਵਾਇਤਾਂ ਕਾਇਮ ਰੱਖਣ ਲਈ ਪ੍ਰੇਰਨਾ ਸਰੋਤ ਬਣਿਆ ਰਹੇਗਾ।



ਜਸਵਿੰਦਰ ਸਿੰਘ ਰੁਪਾਲ
9814715796

## ਭਾਗ–6

# ਤਸਵੀਰ ਜ਼ਿੰਦਗੀ ਦੀ...

ਨਾਨਕ ਦੇ ਬਾਹਰ ਜਾਂਦੇ ਹੀ ਸੀਤੋ ਚੰਨਣ ਨੂੰ ਸਮਝਾਉਣ ਲੱਗ ਜਾਂਦੀ ਹੈ।

"ਵੇਖ ਜੀ ਨਾਨਕ ਤੋਂ ਬਿਨਾਂ ਹੁਣ ਆਪਣਾ ਹੈ ਵੀ ਕੋਣ .....? ਜਿਸਨੂੰ ਪੈਲੀ ਦੇਣੀ ਹੈ.....ਗਰਮ ਖ਼ੂਨ ਹੈ ਕਿਤੇ.....ਕਿਤੇ ਮੱਘਰ ਵਾਂਗ ਹੀ ਨਾ.....?"

"ਨਾ....ਨਾ ਸੀਤੋ ਅਜਿਹੇ ਬੋਲ ਨਾ ਮੂੰਹੋ ਕੱਢੀ ਮੇਰੇ ਤਾਂ ਪਹਿਲੇ ਹੀ ਜਖਮ ਅਜੇ ਅੱਲੇ ਨੇ....ਜੇ ਮੈਂ ਕੁਝ ਕਹਿੰਦਾ ਹਾਂ ਤਾਂ ਇਹਨਾਂ ਦੇ ਭਲੇ ਲਈ ਹੀ ਕਹਿੰਦਾ ਹਾਂ।

ਜੇਕਰ ਇੱਕ ਵਾਰ ਪੈਲੀ ਟੁੱਟਣ ਲੱਗ ਗਈ ਨਾ ਬਸ ਫਿਰ ਨਹੀਂ ਇਹ ਬੱਚਦੀ ਹੁੰਦੀ ।ਪੈਲੀ ਵਿੱਚੋਂ ਤਾਂ ਕੋਠੀਆਂ ਪੈ ਜਾਂਦੀਆਂ ਹਨ ,ਪਰ ਕੋਠੀਆਂ ਵਿੱਚੋਂ ਕਦੇ ਪੈਲੀਆਂ ਨਹੀਂ ਬਣਦੀਆਂ..... ਚੱਲ ਫੇਰ ਨਾਨਕ ਦੀ ਮਰਜ਼ੀ ਹੈ ਕੱਲ੍ਹ ਵੀ ਇਸਦੀ ਹੈ ਤੇ ਅੱਜ ਵੀ ਇਸਦੀ....... ਆਪਾਂ ਕਿਹੜਾ ਨਾਲ ਲੈ ਜਾਣੀ ਹੈਂ।"

"ਚੰਗਾ ਫੇਰ ਜਦੋਂ ਨਾਨਕ ਆਇਆ ਉਹਨੂੰ ਵੀ ਇਹੀ ਗੱਲ ਆਖ ਦੇਈਂ ਖੁਸ਼ ਹੋ ਜਾਵੇਗਾ। ਆਪਾਂ ਨੂੰ ਵੀ ਇਹਦੇ ਬਿਨਾਂ ਹੋਰ ਕੋਣ ਵੇਖਣ ਵਾਲਾ ਹੈ...... ਹੋ ਸਕਦਾ ਹੈ ਜੋ ਇਹ ਕਹਿੰਦਾ ਹੈ ਉਵੇਂ ਹੀ ਠੀਕ ਹੋਵੇ ਨਾਲੇ ਜੱਟ ਦਾ ਪੁੱਤ ਹੈ ਖੇਤੀ ਤਾਂ ਕਰੂੰ ਹੀ ਕਰੂੰ...... ਹੋ ਸਕਦਾ ਹੈ ਜੀ ਇਸ ਵਿੱਚ ਹੀ ਭਲਾਈ ਹੋਵੇ... ਉਝ ਕਹਿੰਦਾ ਤਾਂ ਠੀਕ ਹੀ ਹੈ, ਜੇ ਘਰ ਦਾ ਮੂੰਹ ਸਿਰ ਚੰਗਾ ਹੋਵੇਗਾ ਤਾਂ ਕੁੜੀਆਂ ਨੂੰ ਚੰਗੇ ਘਰ ਮਿਲ ਜਾਣਗੇ...... ਕੁੜੀਆਂ ਦੀ ਜਿੰਦਗੀ ਤਾਂ ਸੌਖੀ ਲੰਘ ਜਾਵੇਗੀ।"

"ਚਲੋ .....ਮੈਨੂੰ ਜੇ ਦਾਦੀ ਪੋਤਰੇ ਦੀ ਇੱਕ ਸਲਾਹ ਹੋ ਗਈ ਲੱਗਦੀ ਹੈਂ..... ......ਮੈਂ ਵਿੱਚ ਕਰ ਵੀ ਕੀ ਸਕਦਾ ਹਾਂ,ਪਰ .....ਸੜਕ ਵਾਲੀ ਪੈਲੀ ਬਣਦੀ ਚੰਗੀ ਕਿਸਮਤ ਵਾਲਿਆਂ ਨੂੰ ਹੀ ਹੁੰਦੀ ਹੈ।"

"ਵੇ ਫੇਰ ਉਹੀ ਗੱਲ ਜੇ ਕਿਸਮਤ ਚੰਗੀ ਹੁੰਦੀ ਤਾਂ ਕੜੀ ਵਰਗਾ ਜਵਾਨ ਪੁੱਤ ਜਾਂਦਾ ਸਾਡੇ ਹੱਥਾਂ ਵਿੱਚੋਂ..... ਛੱਡ ਆਪੇ ਬਣਦੀ ਫਿਰੂ ਪੈਲੀ ਹੁਣ ਇੱਕ ਵਾਰ ਜਿਵੇਂ ਨਾਨਕ ਕਹਿੰਦਾ ਹੈ ਕਰ ਲੈਣਦੇ।"

"ਚੰਗਾ ਸੀਤੋ ਮੈਂ ਕੀ ਕਹਿਣਾ ਹੈ ਨਾਲੇ ਮੇਰੇ ਕੋਲੋਂ ਕਿਹੜਾ ਕੋਈ ਕੰਮ ਹੁੰਦਾ ਹੈ, ਇਸੇ ਨੇ ਹੀ ਕਰਨਾ ਹੈ ,ਕਰ ਲਵੇ ਜਿਵੇਂ ਜੀ ਕਰਦਾ ਹੈ।"

ਰਾਤ ਵੇਲੇ ਨਾਨਕ ਵੀ ਘਰੇ ਵਾਪਿਸ ਆ ਜਾਂਦਾ ਹੈ।

ਸੀਤੋ,"ਪਰੀਤੋ ,ਨੀ ਪਰੀਤੋ ਵੀਰ ਆ ਗਿਆ ਹੈ, ਰੋਟੀ ਪਾ ਕੇ ਲਿਆ..... ! "ਉਹ ਪਰੀਤੋ ਨੂੰ ਨਾਨਕ ਲਈ ਰੋਟੀ ਲਿਆਉਣ ਲਈ ਆਖਦੀ ਹੈ।

"ਮੈਂ ਨਹੀ ਖਾਣੀ ਬੇਬੇ..... !"

"ਕਿਉਂ ਪੁੱਤ ਕੀ ਗੱਲ ਕਾਹਤੋਂ ਨਹੀਂ ਖਾਣੀ....?"

"ਮੈਨੂੰ ਭੁੱਖ ਨਹੀਂ ਹੈ।"

"ਲੈਂ ਦੁਪਹਿਰੇ ਵੀ ਨਹੀਂ ਖਾਦੀ... ਚੱਲ ਦਾਦੀ ਪੋਤਾ ਇਕੱਠੇ ਹੀ ਖਾਂਦੇ ਹਾਂ।"

"ਮੈਂ ਇੱਕ ਵਾਰ ਆਖ ਦਿੱਤਾ ਨਾ ਮੈਂ ਨਹੀ ਖਾਣੀ।"

"ਨਾ ਪੁੱਤ ਭੁੱਖੇ ਢਿੱਡ ਨਹੀ ਪੈਣਾ.... ਨਾਲੇ ਰੋਟੀ ਖਾਹ ਲਾ ਮੈਂ ਤੇਰੇ ਨਾਲ ਇੱਕ ਗੱਲ ਵੀ ਕਰਨੀ ਹੈਂ।"

"ਤੂੰ ਯਾਰ ਜਿਹੜੀ ਗੱਲ ਕਰਨੀ ਹੈ, ਉਹ ਕਰ ਲਾ ਮੈਂ ਰੋਟੀ ਨਹੀਂ ਖਾਣੀ।"

"ਪਹਿਲਾਂ ਮੇਰਾ ਸੋਹਣਾ ਪੁੱਤ ਰੋਟੀ ਖਾਵੇਗਾ... ਬਾਕੀ ਗੱਲਾਂ ਬਾਅਦ ਵਿੱਚ.. ਲਿਆ ਪਰੀਤੋ ਕਿੱਥੇ ਰਹਿ ਗਈ ਹੈਂ।"

"ਬਾਪੂ ਨੂੰ ਰੋਟੀ ਦੇ ਕੇ ਆਉਂਦੀ ਹੈ ਬੇਬੇ ਨਾਲੇ ਨਾ ਤੂੰ ਬਾਹਲਾ ਹੀ ਸਿਰ ਤੇ ਚੜਾਈ ਜਾਂਦੀ ਹੈ ਨਾਨਕ ਨੂੰ...।" ਵੀਰਪਾਲ ਬੋਲੀ।

"ਆਹ ਸੁਣ ਲਾ ਬੇਬੇ ਆ ਸੁਣ ਲਾ ,ਮਾਂ ਕੀ ਕਹੀ ਜਾਂਦੀ ਹੈ ਹਾਲੇ ਤਾਂ ਮੈਂ ਕਿਸੇ ਨੂੰ ਕੁਝ ਕਹਿੰਦਾ ਨਹੀਂ ਤਾਂ ਆ ਹਾਲ ਹੈ ਨਹੀ ਤਾਂ ਬਸ...... !"

"ਨਾਲੇ ਜੇ ਮੈਂ ਕੁਝ ਕਹਿੰਦਾ ਹਾਂ ਤਾਂ ਸਾਰਿਆਂ ਦੇ ਚੰਗੇ ਲਈ ਹੀ ਕਹਿੰਦਾ ਹਾਂ.. ਭਲਾਈ ਦਾ ਤਾਂ ਜਮਾਨਾ ਹੀ ਨਹੀ ਰਿਹਾ।"

"ਵੀਰਪਾਲ ਤੂੰ ਚੁੱਪ ਕਰ ਇਹ ਮੇਰੇ ਪੋਤੇ ਤੇ ਮੇਰੇ ਵਿੱਚ ਦੀ ਗੱਲ ਹੈ।"ਸੀਤੋ ਬੋਲੀ।

"ਪੱਟੋਂ ਪੱਟੋਂ ਅਸੀਂ ਕੀ ਲੈਣਾ ਹੈ ,ਪਰ ਜੇ ਕੱਲ੍ਹ ਨੂੰ ਮੈਨੂੰ ਕੁਝ ਕਿਹਾ ਨਾ ਕਿਸੇ ਨੇ ਤਾਂ ਫਿਰ ਦੇਖ ਲਉ ਫੇਰ ਮੇਰੇ ਤੋ ਬੁਰਾ ਵੀ ਕੋਈ ਨਹੀ ਹੋਣਾ", ਵੀਰਪਾਲ ਵੀ ਅੱਗੋ ਜਵਾਬ ਦਿੱਤਾ।

"ਲੋਕਾਂ ਦੀਆਂ ਮਾਵਾਂ ਖੁਸ਼ੀ- ਖੁਸ਼ੀ ਨਾਲ ਕੰਮ ਖੋਲ੍ਹ ਕੇ ਦਿੰਦੀਆਂ.... ਆ ਇੱਕ ਮੇਰੀ ਮਾਂ ਹੈ ਜਿਹੜੀ..... !" "ਕਿਹੜੀ ਵੇ ਜਾਹ ਫੇਰ ਜਿਹੜੀ ਬਾਹਲੀ ਚੰਗੀ ਲੱਗਦੀ ਹੈ ਬਣਾ ਲੈ ਮਾਂ ਫੇਰ....ਮੈਂ ਤਾਂ ਕੁਪੱਤੀ ਹਾਂ।"

"ਸੁਣਦੀ ਐ ਬੇਬੇ ਇੰਝ ਹੀ ਭੱਜ -ਭੱਜ ਪੈਂਦੀ ਹੈ ਮੈਨੂੰ..... ਜਦੋ ਵੀ ਕੋਈ ਕੰਮ ਦੀ ਗੱਲ ਕਰਾਂ।"

"ਵੀਰਪਾਲ ਤੂੰ ਚੁੱਪ ਕਰ ਜਾਹ,ਮੈਂ ਤੇ ਤੇਰੇ ਬਾਪੂ ਨੇ ਸੜਕ ਨਾਲ ਲੱਗਦਾ ਕਿੱਲਾ ਵੇਚਣ ਦਾ ਫੈਸਲਾ ਕਰ ਲਿਆ ਹੈ.... ਹੁਣ ਤੂੰ ਸਾਨੂੰ ਸ਼ਾਂਤੀ ਨਾਲ ਰੋਟੀ ਖਾਹ ਲੈਣ ਦੇ। "

"ਵਧੀਆ ਹੈ , ਬੇਬੇ ਬਹੁਤ ਵਧੀਆ ਹੈ.... ਸਾਨੂੰ ਜਦੋਂ ਕੁਝ ਪੁੱਛਣਾ ਨਹੀਂ ਤਾਂ ਦੱਸਣ ਦੀ ਵੀ ਲੋੜ ਨਹੀਂ ਹੈ, ਕਰੋ ਮਰਜ਼ੀ ਜਿਵੇਂ ਜੀ ਕਰਦਾ ਹੈ।"

"ਚੱਲ ਪੁੱਤ ਤੂੰ ਰੋਟੀ ਖਾਹ, ਆਪੇ ਥੋੜੀ ਦੇਰ ਬੋਲ ਕੇ ਚੁੱਪ ਕਰ ਜਾਵੇਗੀ ਤੇਰੀ ਮਾਂ..ਤੂੰ ਆ ਬੈਠ ਮੇਰੇ ਕੋਲ ਤੇ ਰੋਟੀ ਖਾਹ।"

"ਬੇਬੇ ......ਬਾਪੂ ਸੱਚੀ ਮੰਨ ਗਿਆ। "

"ਨਾ ਹੋਰ ਮੈਂ ਤੇਰੇ ਕੋਲ ਕੀ ਝੂਠ ਬੋਲਦੀ ਹਾਂ.. ਮੰਨ ਗਿਆ ਹੈ।"

"ਫਿਰ ਸੱਦਾ ਦਲਾਲ ਨੂੰ... !"

" ਹਾਂ ਪੁੱਤ ਜਦੋਂ ਵੇਚਣਾ ਹੀ ਹੈ, ਦੋ ਚਾਰ ਬੰਦਿਆਂ ਨਾਲ ਗੱਲ ਕਰ ਲਵੀਂ....ਹੁਣ ਵੇਚਣ ਦੀ ਕਾਹਲੀ ਨਾ ਕਰੀਂ.... ਜੇ ਚਾਰ ਰੁਪਏ ਵੱਧ ਵੱਟੇ ਜਾਣਗੇ ਤਾਂ ਚੰਗਾ ਹੀ ਹੈਂ। "

"ਚੱਲ ਠੀਕ ਹੈ, ਜਾਂਦਾਂ ਹਾਂ ਕੱਲ੍ਹ ਸ਼ਹਿਰ ਤੇ ਕਰਦਾ ਹਾਂ ਗੱਲ ਦਲਾਲਾਂ ਨਾਲ।"

(ਅਗਲੇ ਹੀ ਦਿਨ ਸਵੇਰੇ ਨਾਨਕ ਸ਼ਹਿਰ ਚਲਾ ਜਾਂਦਾ ਹੈ, ਇੱਕ ਦੋ ਬੰਦਿਆ ਨਾਲ ਪੈਲੀ ਵੇਚਣ ਦੀ ਗੱਲ ਕਰਦਾ ਹੈ, ਪਰ ਕੋਈ ਗੱਲ ਸਿਰੇ ਨਹੀਂ ਚੜਦੀ) (ਪਿੰਡ ਵਾਪਿਸ ਆਉਦੇ ਨੂੰ ਗੁਰਨਾਮ ਮਿਲ ਜਾਂਦਾ ਹੈ)

"ਤਾਇਆ ਆ ਜਾਂ ਬੈਠ ਸਕੂਟਰ ਤੇ ਕਿਧਰੋਂ ਤੁਰਿਆ ਆਉਂਦਾ...? "

"ਉਹ ਬੱਲੇ ਨਾਨਕਾ.....ਕੀ ਹਾਲ ਹੈ ਤੇਰਾ, ਮੈਂ ਤਾਂ ਸ਼ਹਿਰ ਬੇਬੇ ਦੀ ਦਾਰੂ ਲੈਣ ਗਿਆ ਸੀ।"

"ਤੂੰ ਸੁਣਾ ਕਿੱਥੋ ਦੁਪਹਿਰੇ -ਦੁਪਹਿਰੇ ਆਉਂਦਾ ਪਿਆ ਹੈ...?"

" ਮੈਂ ਵੀ ਤਾਇਆ ਸ਼ਹਿਰ ਹੀ ਗਿਆ ਸੀ।"

"ਕਿਵੇਂ..... ਕੋਈ ਕੰਮ ਸੀ?"

"ਕੰਮ ਹੀ ਸੀ ਤਾਇਆ, ਦਲਾਲ ਨੂੰ ਮਿਲਣਾ ਸੀ।"

"ਕਿਉਂ ਉਏ....ਕਿਵੇਂ ਨਵੀਂ ਮੱਝ ਗਾਂ ਲੈਣੀ ਐ.. !"

"ਨਹੀਂ ਤਾਇਆ ਪਸ਼ੂਆਂ ਵਾਲੇ ਦਲਾਲ ਨੂੰ ਨਹੀਂ, ਜਿਹੜੇ ਥਾਵਾਂ ਵੇਚਦੇ-ਖਰੀਦਦੇ ਹਨ ਉਹਨਾਂ ਨੂੰ ਮਿਲਣ ਗਿਆ ਸੀ।"

"ਤੈਨੂੰ ਕੀ ਲੋੜ ਪੈ ਗਈ ਉਏ.....?"

"ਤਾਇਆ ਗੁਰੂਦੁਆਰਾ ਸਾਹਿਬ ਕੋਲ ਜਿਹੜਾ ਸੜਕ ਦੇ ਨਾਲ ਲੱਗਦਾ ਇੱਕ ਕਿੱਲਾ ਪਿਆ ਹੈ ਨਾ, ਉਹ ਵੇਚਣਾ ਹੈ।"

"ਕੀ ਭੀੜ ਪੈ ਗਈ ਤੇਰੇ ਤੇ ਕੋਈ ਪੁੱਠਾ ਕੰਮ ਤਾਂ ਨਹੀਂ ਕਰ ਬੈਠਾ.... ਨਾਲੇ ਤੇਰਾ ਬਾਪੂ ਮੰਨ ਗਿਆ ਉਏ.... !"

"ਨਹੀਂ ਕੰਮ ਤਾਂ ਕੋਈ ਪੁੱਠਾ ਨਹੀਂ ਕੀਤਾ ਬਲਕਿ ਸਿੱਧਾ ਕਰਨ ਵਾਸਤੇ ਹੀ ਵੇਚਣਾ ਹੈਂ।"

"ਨਾ ਦੱਸ ਫੇਰ ਬਾਪੂ ਮੰਨ ਗਿਆ ਵੇਚਣ ਨੂੰ..... !"

"ਆਹੋ ਬਾਪੂ ਨੇ ਕੀ ਕਹਿਣਾ ਹੈ,ਜੇ ਤੇਰੀ ਨਿਗਾਹ ਵਿੱਚ ਕੋਈ ਖਰੀਦਦਾਰ ਹੋਵੇ ਤਾਂ ਜਰੂਰ ਦੱਸੀ ਤਾਇਆਂ।"

"ਨਾਨਕਾ ਗਾਹਕ ਤਾਂ ਬਥੇਰੇ ਤਿਆਰ ਹੋ ਜਾਣਗੇ ਲੈਣ ਨੂੰ ਪਿੰਡੋਂ ਹੀ ,ਪਰ ਘਰੇ ਗੱਲ ਪੱਕੀ ਕਰ ਲਈ,.. ਯਾਰ ਕਿਤੇ ਬੇਇੱਜ਼ਤੀ ਨਾ ਕਰਵਾ ਦੇਈਂ।"

"ਬੇਇੱਜ਼ਤੀ ਕਾਹਦੀ ਜਦੋਂ ਮੈਂ ਕਹੀ ਜਾਂਦਾ ਹਾਂ, ਵੇਚਣਾ ਹੈ ਤਾਂ ਵੇਚਣਾ ਹੈ। "

"ਪਰ ਮੈਨੂੰ ਤੇਰੀ ਗੱਲ ਤੇ ਯਕੀਨ ਨਹੀਂ ਆਉਂਦਾ।"

"ਤਾਇਆਂ ਤੂੰ ਘਰੇ ਆ ਕੇ ਬੇਬੇ ਬਾਪੂ ਨੂੰ ਆਪ ਹੀ ਪੁੱਛ ਲਈ ,ਫੇਰ ਤੈਨੂੰ ਯਕੀਨ ਆ ਜਾਵੇਗਾ।"

"ਮੈਨੂੰ ਇੱਥੇ ਹੀ ਉਤਾਰ ਦੇ ਸ਼ਾਮ ਨੂੰ ਜੇ ਟਾਇਮ ਲੱਗ ਤਾਂ ਠੀਕ, ਨਹੀਂ ਤਾਂ ਸਵੇਰੇ ਆਉਂਦਾ ਹਾਂ ਚਾਚੇ ਚੰਨਣ ਕੋਲੋਂ ਪੁੱਛਣ.... ਜੇ ਉਹ ਨੇ ਹਾਂ ਕਰ ਦਿੱਤੀ ਫੇਰ ਅਗਾਂਹ ਗੱਲ ਤੋਰਾਂਗੇ।"ਗੁਰਨਾਮ ਸਕੂਟਰ ਤੋਂ ਉਤਰ ਜਾਂਦਾ ਹੈਂ।

ਨਾਨਕ ਆਪਣੇ ਘਰ ਚਲਾ ਜਾਂਦਾ ਹੈ।

ਚੱਲਦਾ......



ਸੰਦੀਪ ਦਿਉੜਾ, 84375-56667










